
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥

## ਭਾਈ ਘਨੱਈਆ

# ਸੇਵਾ ਜੋਤੀ

ਸਤੰਬਰ 2007




ਸਮਦਰਸ਼ੀ, ਬ੍ਰਹਮ-ਗਿਆਨੀ, ਅਮਨਦੂਤ ਭਾਈ ਘਨੱਈਆ ਜੀ

## ਭਾਈ ਘਨੱਈਆ ਜੀ ਦੀਆਂ ਸਚਿੱਤਰ ਜੀਵਨ ਝਲਕੀਆਂ



ਨੌਜਵਾਨ ਭਾਈ ਘਨੱਈਆ ਸਾਧੂਆਂ, ਫ਼ਕੀਰਾਂ, ਮੰਗਤਿਆਂ ਦੇ ਨਾਲ
ਸੱਚ ਅਤੇ ਸ਼ਾਂਤੀ ਦੀ ਭਾਲ ਵਿੱਚ।



ਭਾਈ ਘਨੱਈਆ ਜੀ ਸੱਚ ਅਤੇ ਸ਼ਾਂਤੀ ਦੀ ਭਾਲ ਕਰਦੇ ਸ੍ਰੀ ਆਨੰਦਪੁਰ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ
ਦੀ ਸ਼ਰਣ ਵਿੱਚ ਪੁੱਜ ਕੇ ਗੁਰੂ ਘਰ ਦੇ ਪੂਰਨ ਸਿੱਦਕੀ ਸਿੱਖ ਤੇ ਸੇਵਾਦਾਰ ਬਣ ਗਏ।



ਭਾਈ ਘਨੱਈਆ ਜੀ ਨੇ ਗੁਰੂ ਜੀ ਦੇ ਅਸਤਬਲ ਅਤੇ ਲੰਗਰ ਲਈ
ਜਲ ਢੋਣ ਦੀ ਤਨ-ਮਨ ਨਾਲ ਸੇਵਾ ਕਮਾਈ।

ਸਾਲ : 22ਵਾਂ
ਮੁੱਖ ਸਰਪ੍ਰਸਤ
ਸਰਪ੍ਰਸਤ
ਮੁੱਖ ਸਲਾਹਕਾਰ
ਸੰਪਾਦਕੀ ਬੋ

ਅਸੁਨਿ ਮਹੀਨੇ
ਸੰਪਾਦਕੀ
ਸੱਦਾ ਪੱਤਰ ਸ
ਅਨਮੋਲ ਬਚ
ਪ੍ਰੋਗਰਾਮ ਪ੍ਰਚ
ਕਥਾ ਸੁਖਮਨ
ਗਉੜੀ ਬਾਵ
ਆਤਮਾ ਦੀ
ਨਾਦੀ ਬੰਸਾਵ
ਮਹੱਤਵਪੂਰਨ
ਕਵਿਤਾ ਭਾਈ
ਕੀ ਅੱਜ ਵੀ
ਭਾਈ ਘਨੱ
ਭਾਈ ਘਨੱ
ਭਾਈ ਘਨੱ
ਭਾਈ ਘਨੱ
ਭਾਈ ਕਨ੍ਹ
ਮੁੱਖ ਸੇਵਾਦਾ
ਵਰ-ਘਰ

ਭ: ਘ: ਸੇਵਾ

੧ੴ ਸਤਿਗੁਰ ਪ੍ਰਸਾਦਿ ॥

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥

# ਭਾਈ ਘਨੱਈਆ ਸੇਵਾ ਜੋਤੀ ਪੰਜਾਬੀ ਮਾਸਿਕ

ਸਾਲ : 22ਵਾਂ | ਅੰਕ : ਨੌਵਾਂ | ਸਤੰਬਰ 2007 | ਕੀਮਤ : ਅਮੁੱਲ



ਮੁੱਖ ਸਰਪ੍ਰਸਤ : ਮਹੰਤ ਤੀਰਥ ਸਿੰਘ 'ਸੇਵਾ ਪੰਥੀ', ਫੋਨ 0164-2262012, ਮੋਬਾ: 98140-32957

ਸਰਪ੍ਰਸਤ : (ਸੇਵਾਦਾਰ) ਸੰਤ ਰਣਜੀਤ ਸਿੰਘ 'ਸੇਵਾ ਪੰਥੀ', ਗੋਨਿਆਣਾ ਮੰਡੀ<br>
ਫੋਨ : 2262276, ਮੋਬਾ: 98140-35191<br>
ਸੰਤ ਕਾਹਨ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ ਫੋਨ : 2263333<br>
ਮੋਬਾ: 98140-04503, ਸੰਤ ਹਰਪਾਲ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ ।<br>
ਸ੍ਰ: ਤ੍ਰਿਲੋਚਣ ਸਿੰਘ 'ਸੇਠੀ', ਮੁੰਬਈ ।

ਮੁੱਖ ਸਲਾਹਕਾਰ : ਸੰਤ ਜਗਜੀਤ ਸਿੰਘ 'ਭਾਈਆ' ਮੋਬਾ:98140-90142<br>
ਸ:ਹਰਵਿੰਦਰ ਸਿੰਘ 'ਟੀਟੂ', ਹਰੀ ਨਗਰ, ਦਿੱਲੀ ਮੋਬਾ:98100-89645<br>
ਸ: ਵਜਿੰਦਰ ਸਿੰਘ ਐਡਵੋਕੇਟ, ਅੰਬਾਲਾ<br>
ਸ: ਸੁਰਜਨ ਸਿੰਘ ਘੁਲਿਆਣੀ ਮੋਬਾ: 98552-06378<br>
ਸ੍ਰੀਮਤੀ ਭੁਪਿੰਦਰ ਕੌਰ ਪਤਨੀ ਸ੍ਰ: ਜੀ.ਐਸ. ਬਜਾਜ ਦਿੱਲੀ,<br>
ਸ੍ਰ: ਜਸਪਾਲ ਸਿੰਘ, ਹਿੰਦੁਸਤਾਨ ਰੈਫਰੀਜੇਸ਼ਨ ਦਿੱਲੀ ।

ਸੰਪਾਦਕੀ ਬੋਰਡ<br>
ਫਾਊਡਰ ਇੰਟਰਨੈਟ ਐਡੀਟਰ : ਸਵ: ਭੁਪਿੰਦਰ ਸਿੰਘ 'ਸੇਵਾ ਪੰਥੀ'<br>
ਮੁੱਖ ਸੰਪਾਦਕ : ਚਮਨ ਸਿੰਘ 'ਚਮਨ' Ph.2262152,M.98140-75504<br>
ਇੰਚਾਰਜ ਜਨਰਲ ਦਫ਼ਤਰ: ਮੈਡਮ ਸਤੀਸ਼ ਸ਼ਾਹਣੀ Ph:2262051,M : 9888400061<br>
ਸ: ਸੰਪਾਦਕ : ਅਮਰਜੀਤ ਸਿੰਘ 'ਮਾਛੀਵਾੜਾ', ਗੁਰਮੀਤ ਕੌਰ 'ਮੀਤ'


## ਤਤਕਰਾ


| ਲੇਅ | ਪ੍ਰਕਾਸ਼ਮਾਨ ਜੋਤਾਂ | ਪੰਨਾ |
|---|---|---|
| ਅਸੁਨਿ ਮਹੀਨੇ ਦਾ ਮੂਲ ਪਾਠ ਤੇ ਵਿਸ਼ੇਸ਼ ਤਿੱਥ-ਤਿਓਹਾਰ | ਸ. ਸੰਪਾਦਕ | 2 |
| ਸੰਪਾਦਕੀ | ਚਮਨ ਸਿੰਘ 'ਚਮਨ' | 3 |
| ਸੱਦਾ ਪੱਤਰ ਸਾਲਾਨਾ ਸਮਾਗਮ | (ਮਹੰਤ) ਦਿਲਬਾਗ ਸਿੰਘ 'ਸੇਵਾ ਪੰਥੀ' | 5 |
| ਅਨਮੋਲ ਬਚਨ | ਮੈਡਮ ਸਤੀਸ਼ ਸ਼ਾਹਣੀ | 6 |
| ਪ੍ਰੋਗਰਾਮ ਪ੍ਰਚਾਰ ਯਾਤਰਾ (ਮਹੰਤ ਜੀ) | ਮੈਨੇਜਰ ਇੰਦਰਜੀਤ ਸਿੰਘ | 7 |
| ਕਥਾ ਸੁਖਮਨੀ ਸਾਹਿਬ | (ਮਹੰਤ) ਤੀਰਥ ਸਿੰਘ 'ਸੇਵਾ ਪੰਥੀ' | 8 |
| ਗਉੜੀ ਬਾਵਨ ਅਖਰੀ ਮਹਲਾ ੫ | ਸੰਤ ਕਾਹਨ ਸਿੰਘ 'ਸੇਵਾ ਪੰਥੀ' | 10 |
| ਆਤਮਾ ਦੀ ਪੁਕਾਰ | (ਮਹੰਤ) ਤੀਰਥ ਸਿੰਘ 'ਸੇਵਾ ਪੰਥੀ' | 12 |
| ਨਾਦੀ ਬੰਸਾਵਲੀ | ਸੰਪਾਦਕ | 13 |
| ਮਹੱਤਵਪੂਰਨ ਜਾਣਕਾਰੀ ਭਾਈ ਘਨੱਈਆ ਜੀ | ਸੰਪਾਦਕ | 14 |
| ਕਵਿਤਾ ਭਾਈ ਘਨੱਈਆ ਜੀ | ਜੈ ਸਿੰਘ ਸੁਗਲ | 15 |
| ਕੀ ਅੱਜ ਵੀ ਭਾਈ ਘਨੱਈਆ ਜੀ ਦੋਸ਼ੀ ਹਨ ? | ਨਰਿੰਦਰ ਸਿੰਘ ਸੋਚ | 17 |
| ਭਾਈ ਘਨੱਈਆ ਜੀ | ਪ੍ਰੋ: ਪ੍ਰਕਾਸ਼ ਸਿੰਘ | 19 |
| ਭਾਈ ਘਨੱਈਆ ਜੀ (ਬਰਸੀ ਤੇ ਵਿਸ਼ੇਸ਼) | ਕਰਨੈਲ ਸਿੰਘ ਐਮ.ਏ. | 29 |
| ਭਾਈ ਘਨੱਈਆ ਤੇ ਹੈਨਰੀ ਡਿਊਨਾ | ਚਮਨ ਸਿੰਘ 'ਚਮਨ' | 32 |
| ਭਾਈ ਘਨੱਈਆ ਜੀ ਦਾ ਪਹਿਲਾ ਜਾਨਸ਼ੀਨ | (ਮਹੰਤ) ਤੀਰਥ ਸਿੰਘ 'ਸੇਵਾ ਪੰਥੀ' | 33 |
| ਭਾਈ ਕਨ੍ਹਈਆ ਜੀ ਦੀ ਅਮਰ ਕਹਾਣੀ | ਗਿ: ਪ੍ਰਿਤਪਾਲ ਸਿੰਘ ਮਸਕੀਨ | 34 |
| ਮੁੱਖ ਸੇਵਾਦਾਰਾਂ ਦੀ ਸੂਚੀ | ਸੰਪਾਦਕ | 36 |
| ਵਰ-ਘਰ | ਸਿਲਵੰਤ ਕੌਰ | 40 |

ੴ ਸਤਿਗੁਰ ਪ੍ਰਸਾਦਿ ॥

## ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

# ਅਸੁਨਿ

ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ॥
ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ॥
ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ ॥
ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ ॥
ਜਿੰਨੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ ॥
ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ ॥
ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ ॥
ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ ॥
ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ॥੮॥

| | | | | |
|---|---|---|---|---|
| ਸੰਮਤ ਬਿਕ੍ਰਮੀ | 2064 | ਗੁਰਪੁਰਬ ਤੇ | ਮੱਸਿਆ | 11 ਸਤੰਬਰ |
| ਸੰਮਤ ਨਾਨਕਸ਼ਾਹੀ | 539 | ਵਿਸ਼ੇਸ਼ ਦਿਵਸ | ਸੰਗ੍ਰਾਂਦ | 15 ਸਤੰਬਰ |
| ਸੰਮਤ ਖਾਲਸਾ | 309 | | ਪੰਚਮੀ | 16 ਸਤੰਬਰ |
| ਸੰਮਤ ਸਾਕਾ | 1929 | **ਸਤੰਬਰ : 2007** | ਪੂਰਨਮਾਸ਼ੀ | 26 ਸਤੰਬਰ |

| ਗੁਰਪੁਰਬ ਤੇ ਵਿਸ਼ੇਸ਼ ਦਿਵਸ | ਪ੍ਰੰਪਰਾਗਤ ਅਨੁਸਾਰ | ਨਾਨਕਸ਼ਾਹੀ ਕੈਲੰਡਰ ਅਨੁਸਾਰ |
|---|---|---|
| ★ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ | ............... | 1 ਸਤੰਬਰ |
| ★ ਗੁਰਿਆਈ ਸ੍ਰੀ ਗੁਰੂ ਰਾਮ ਦਾਸ ਜੀ | ............... | 16 ਸਤੰਬਰ |
| ★ ਗੁਰਿਆਈ ਸ੍ਰੀ ਗੁਰੂ ਅਰਜਨ ਦੇਵ ਜੀ | 13 ਸਤੰਬਰ | 16 ਸਤੰਬਰ |
| ★ ਗੁਰਿਆਈ ਸ੍ਰੀ ਗੁਰੂ ਅੰਗਦ ਦੇਵ ਜੀ | ............... | 18 ਸਤੰਬਰ |
| ★ ਜੋਤੀ-ਜੋਤਿ ਸ੍ਰੀ ਗੁਰੂ ਅਮਰ ਦਾਸ ਜੀ | 26 ਸਤੰਬਰ | 16 ਸਤੰਬਰ |
| ★ ਜੋਤੀ-ਜੋਤਿ ਸ੍ਰੀ ਗੁਰੂ ਰਾਮ ਦਾਸ ਜੀ | 14 ਸਤੰਬਰ | 16 ਸਤੰਬਰ |
| ★ ਜੋਤੀ-ਜੋਤਿ ਸ੍ਰੀ ਗੁਰੂ ਨਾਨਕ ਦੇਵ ਜੀ | ............... | 22 ਸਤੰਬਰ |
| ★ ਜ: ਬਾਬਾ ਸ੍ਰੀ ਚੰਦਰ ਜੀ ਮਹਾਰਾਜ, ਉਦਾਸੀਨ | 21 ਸਤੰਬਰ | ............... |
| ★ ਬਰਸੀ ਬਾਬਾ ਬੁੱਢਾ ਸਾਹਿਬ ਜੀ (ਅੰਮ੍ਰਿਤਸਰ) | 29 ਸਤੰਬਰ | 19 ਸਤੰਬਰ |
| ★ ਬੈਂਕ ਹਾਲੀਡੇ | 29 ਸਤੰਬਰ | ............... |
| ★ ਬਰਸੀ ਭਾਈ ਘਨੱਈਆ ਜੀ, ਸ਼੍ਰੀ ਆਨੰਦਪੁਰ ਸਾਹਿਬ | 18,19,20 ਸਤੰਬਰ | |

(ਰੈਡ ਕਰਾਸ ਸਾਮਾਨ)

## ਇਨਸਾਨੀਅਤ ਦੀ ਸੇਵਾ ਦਾ ਜਨਮ

## ..............ਜੂਨ...........1704

ਆਨੰਦ ਪੁਰ ਸਾਹਿਬ ।
ਧਰਮ ਯੁੱਧ ਚਲ ਰਿਹਾ ਹੈ ।
ਇਨਸਾਨ ਦੇ ਰੂਪ ਵਿੱਚ ਰਬ ਆਪ ਲੜ ਰਿਹਾ ਹੈ ।
ਕਲਗੀ ਵਾਲੇ ਲਈ ਲੜ ਮਰਨਾ ਮੁਕਤੀ ਹੈ ।
ਕਲਗੀ ਵਾਲੇ ਦੇ ਹੱਥੋਂ ਮਰਨਾ ਬਹਿਸ਼ਤ ਹੈ ।
ਯੋਧੇ ਜੂਝ ਰਹੇ ਹਨ ।
ਯੁੱਧ ਚਲ ਰਿਹਾ ਹੈ .............
..........................................................
ਤੱਤੀ ਧਰਤੀ ਤੇ ਪਈਆਂ ਠੰਡੀਆਂ ਲਾਸ਼ਾਂ,
ਆਪਣੀ ਬਹਾਦਰੀ, ਵਫ਼ਾਦਾਰੀ ਦਾ ਸਬੂਤ ਦੇ ਚੁੱਕੀਆਂ ਹਨ ।
ਲਹੂ ਨਾਲ ਲੱਥ ਪੱਥ ਸੂਰਮੇ ਲੜੀ ਜਾ ਰਹੇ ਹਨ ।
ਜ਼ਖਮੀ ਹੋ ਹੋ ਡਿੱਗ ਰਹੇ ਹਨ ।
ਪਾਣੀ ਪੀ ਪੀ ਉਠ ਰਹੇ ਹਨ ।
ਪਾਣੀ ਪੀ ਕੇ ਇੱਕ ਸਿੰਘ ਉਠ ਬੈਠਾ ਹੈ ।
ਪਾਣੀ ਪੀ ਕੇ ਇੱਕ ਖਾਨ ਉਠ ਬੈਠਾ ਹੈ ।
ਯੁੱਧ ਚਲ ਰਿਹਾ ਹੈ .............
..........................................................
ਕਹਿਰਾਂ ਦੀ ਗਰਮੀ, ਭਖਦੀ ਧਰਤੀ,
ਵਿਲਕਦੇ, ਲੁਛਦੇ ਪਿਆਸੇ ਜ਼ਖਮੀ ।
..........ਪਾਣੀ...........ਪਾਣੀ..........ਹਾਏ ਪਾਣੀ ।
" ਛਕੋ ਵੀਰ ਜੀ !"
"ਪੀਉ ਮੀਆਂ ਜੀ !"
"ਆਇਆ ਖਾਨ ਸਾਹਿਬ ।"
" ਪਹੁੰਚਿਆ ਖਾਲਸਾ ਜੀ"
ਇੱਕ ਪਤਲਾ ਲੰਮਾ ਇਨਸਾਨ,
ਗਲ ਪਾਣੀ ਦੀ ਮਸ਼ਕ,

# ਅਨਮੋਲ ਬਚਨ

-ਮੈਡਮ ਸਤੀਸ਼ ਸ਼ਾਹਣੀ

1. ਕਰਜ਼ਦਾਰ ਹੋਣਾ ਸਭ ਤੋਂ ਵੱਡੀ ਗਰੀਬੀ ਹੈ ।
   *कर्ज़दार होना सब से बड़ी गरीबी है।*
   **To be indepted is a great poverty.**
2. ਸੰਜਮਹੀਣ ਆਦਮੀ ਪਸ਼ੂ ਹੈ । *सयंमहीन मनुष्य पशु है ।*
   **Man having no self control is like a beast .**
3. ਜੋ ਸਭ ਨੂੰ ਆਪਣਾ ਮੰਨਦਾ ਹੈ,ਉਹ ਭਗਤ ਹੈ ।
   *जो सब को अपना मानता है, वह भक्त है।*
   **One who belongs to all is a saint .**
4. ਹਰ ਮਨੁੱਖ ਵਿੱਚ ਕੁੱਝ ਨ ਕੁੱਝ ਕਮੀ ਜਰੂਰ ਹੁੰਦੀ ਹੈ ।
   *प्रत्येक मनुष्य में कोई न कोई कमी अवश्य होती है।*
   **There is some sort of weakness in each of every man.**
5. ਬਿਨਾਂ ਅੰਦਰ ਦੀ ਸ਼ਾਂਤੀ ਦੇ ਬਾਹਰੀ ਸ਼ਾਂਤੀ ਕੁੱਝ ਕੰਮ ਦੀ ਨਹੀ ।
   *बिना भीतर की शान्ति के बाहरी शान्ति कुछ काम की नही।*
   **Outer Peace of mind is of no use without the inner peace of mind.**
6. ਭਾਗਹੀਣ ਹੋਣ ਤੇ ਜ਼ਿੰਦਗੀ ਆਪਣੀ ਸਾਰੀ ਖੁਸ਼ਬੂ ਗਵਾ ਦੇਵੇਗੀ ।
   *भाग्यहीन होने पर जिन्दगी अपनी सारी सुगन्ध खो देगी।*
   **By being unfortunate life will loose all its fragrance .**


ੴ सतगुरु प्रसादि

एक पलक सुख साथ समागम कोट बैकुंठहि पाए ।।

श्रीमान 108 महंत भाई भल्ला राम जी, सेवा पंथी जी का 210वां

श्रीमान 108 महंत भाई परस राम जी, सेवा पंथी जी का 83वां

श्रीमान 108 महंत भगवान सिंह जी, सेवा पंथी जी का 22वां

**सलाना यज्ञ समागम**

**8,10, एवं 11सितम्बर, 2007 रविवार, सोमवार, मंगलवार को**

इस समागम में सेवा पंथी, निर्मले, उदासी एवं दूसरे महापुरूष के इलावा ऊँच कोटि के कीर्तनी जत्थे ढाढी कथा वाचक एवं गुणी ग्यानी संगतों को दर्शन देंगें। अपने बहुमूल्य वचन सुना के संगतों को निहाल करेंगें। आप जी संत मण्डली सहित एवं परिवार समेत पहुंच के शोभा बढ़ाओ एवं औरों को सूचना दो ।

टिकाना साहिब की तरफ से गुरू का लंगर, संगतों का रहने का प्रबन्ध, सब के भले के लिए अरदास नाम बाणी का सिमरन एवं श्री अखण्ड पाठों की लड़ी चल रही है।

**विशेष दीवान : 10 सितम्बर रात 11 सितम्बर सुबह 7 से 12 बजे तक**

**गुरू का लंगर अटूट बरतेगा ।**

**सरप्रस्त**
**श्री मान 108 महंत तीर्थ सिंह जी (सेवा पंथी)**
प्रधान, सेवा पंथी अडण शाही सभ (रजि.) अमृतसर
गुनिआना मण्डी (भटिण्डा)

आप जी का सेवादार
**हरनाम सिंह (महंत)**
संत चोखा राम जी एवं समूह
संत मण्डली सेवा पंथी (मोगा.) 9416232019

**सेवा पंथी टिकाना भाई भल्ला राम जी कलानौर (रोहतक), फोन : 01258-222550**

# ਪੋਗਰਾਮ ਪ੍ਰਚਾਰ-ਯਾਤਰਾ, ਸਤੰਬਰ-2007

ਸ਼੍ਰੀਮਾਨ 108 ਮਹੰਤ ਭਾਈ ਤੀਰਥ ਸਿੰਘ ਜੀ 'ਸੇਵਾ ਪੰਥੀ'
ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)
ਕੋਡ : 0164 ਫੋਨ : 2262012, 2262051 ਫੈਕਸ : 2262657
ਮੋਬਾਇਲ : 98140-32957, (ਸੰਤ ਰਣਜੀਤ ਸਿੰਘ ਸੇਵਾਦਾਰ 9814035191)

| ਮਿਤੀ | ਨਗਰ | | ਪਤਾ ਤੇ ਪ੍ਰੋਗਰਾਮ |
|---|---|---|---|
| 02-09-2007 | (Los Angeles) California | | S. SANTOKH SINGH<br>Raseeda-19027 Cent Qui Street<br>Ph. 818-988-6666,818-988-6044 |
| 03-09-2007 to 07-09-2007 | New York | 1. | S. MANVINDER SINGH SAWHNEY<br>Gurudwara Guru Teg Bahadur Foundation,NorWalk,Connecticut, U.S.A. (7.30 to 8.30 PM)<br>Phone . 203-857-4460, 203-838-9411<br>203-762-7275 (R) |
| INTERNATIONAL MOBILE : 646-269-9900 FOR U.S.A. | | 2. | S. MANVINDER SINGH SAWHNEY<br>295,Olmstead Hill Road,Wilton C-T-06897<br>(U.S.A.)Ph:203-762-9442,(R)203-348-9200(O)<br>203-324-1100(Fax)<br>203-348-6030 (Personal) |
| 10-9-2007 ਤੋਂ | ਰੋਹਤਕ | | ਟਿਕਾਣਾ ਭਾਈ ਮੂਲਾ ਸਾਹਿਬ ਜੀ |
| 11-9-2007 ਤੱਕ | ਕਲਾਨੌਰ (ਹਰਿ:) | | ਸਾਲਾਨਾ ਸਮਾਗਮ (ਟਿਕਾਣਾ ਭਾਈ ਭੱਲਾ ਰਾਮ ਜੀ )<br>ਮਹੰਤ ਹਰਨਾਮ ਸਿੰਘ ਸੇਵਾ ਪੰਥੀ ਫੋਨ: 01258 - 222550 |
| 14-9-2007 | ਗੋਨਿਆਣਾ | | ਪਹੁੰਚ ਟਿਕਾਣਾ ਭਾਈ ਜਗਤਾ ਜੀ |
| 15-9-2007 | ਗੋਨਿਆਣਾ | | ਭਾਈ ਜਗਤਾ ਜੀ ਵਿਖੇ ਸੰਗਰਾਂਦ ਦਾ ਮਾਸਿਕ ਸਮਾਗਮ |
| 19-9-2007 ਤੋਂ<br>20-9-2007 ਤੱਕ | ਆਨੰਦਪੁਰ ਸਾਹਿਬ | | ਸਾਲਾਨਾ ਸਮਾਗਮ (ਸੇਵਾ ਸਥਾਨ ਭਾਈ ਘਨੱਈਆ ਜੀ)<br>(ਮਹੰਤ ਦਿਲਬਾਗ ਸਿੰਘ ਸੇਵਾ ਪੰਥੀ) |
| 20-9-2007 | ਗੋਨਿਆਣਾ | | ਪਹੁੰਚ ਟਿਕਾਣਾ ਭਾਈ ਜਗਤਾ ਜੀ |

# ਸੰਤ ਬਾਬਾ ਤੀਰਥ ਸਿੰਘ ਜੀ 'ਸੇਵਾ ਪੰਥੀ' ਦੀ ਸਿਹਤ ਸੰਬੰਧੀ ਸਮਾਚਾਰ

ਸੰਤ ਬਾਬਾ ਤੀਰਥ ਸਿੰਘ ਗੋਨਿਆਣਾ ਭਾਈ ਜਗਤਾ ਤੋਂ ਸੰਗਤਾਂ ਦੇ ਸੱਦੇ ਤੇ ਵਿਦੇਸ਼ਾਂ ਦੀ ਪ੍ਰਚਾਰ ਯਾਤਰਾ ਲਈ 17 ਜੂਨ 2007 ਨੂੰ ਰਵਾਨਾ ਹੋ ਕੇ 20 ਜੂਨ 2007 ਲੰਡਨ ਯੂ.ਕੇ. ਪੁੱਜ ਗਏ। ਉਥੇ ਵਾਤਾਵਰਣ ਦੀ ਤਬਦੀਲੀ ਕਾਰਨ ਨਮੂਨੀਆਂ ਹੋ ਗਿਆ ਸੀ ਤੇ ਸਾਹ ਲੈਣ ਵਿੱਚ ਬਹੁਤ ਔਖਿਆਈ ਹੋ ਗਈ ਸੀ। ਹਸਪਤਾਲ ਵਿੱਚ ਦਾਖ਼ਲ ਹੋ ਕੇ ਇਲਾਜ ਹੋਇਆ। ਇੱਕ ਸਾਹ ਨਾਲੀ ਵਿੱਚ ਸਟੰਟ ਪਾਇਆ ਗਿਆ। ਬਾਬਾ ਜੀ ਦੀ ਸਿਹਤਯਾਬੀ ਲਈ ਟਿਕਾਣਾ ਸਾਹਿਬ ਵਿਖੇ ਅਖੰਡ ਪਾਠ ਰੱਖ ਕੇ ਭੋਗ ਪਾਏ ਗਏ। ਸੰਗਤਾਂ ਵੱਲੋਂ ਪਾਠ ਅਤੇ ਅਰਦਾਸਾਂ ਹੋਈਆਂ ਜੋ ਵਾਹਿਗੁਰੂ ਨੇ ਕਬੂਲ ਕੀਤੀਆਂ, ਬਾਬਾ ਜੀ ਨੂੰ ਇਲਾਜ ਉਪਰੰਤ ਡਾਕਟਰਾਂ ਵੱਲੋਂ ਮੁਕਮਲ ਆਰਾਮ ਕਰਨ ਦੀ ਸਿਫਾਰਸ਼ ਕੀਤੀ ਤੇ ਸਫਰ ਕਰਨ ਦੀ ਮਨਾਹੀ ਕੀਤੀ ਗਈ ਸੀ। ਪਰ ਸੰਤ ਬਾਬਾ ਤੀਰਥ ਸਿੰਘ ਜੀ ਆਪਣੇ ਉਚੇ ਮਨੋਬਲ ਅਤੇ ਸੰਗਤਾਂ ਦੇ ਪ੍ਰੇਮ ਦੀ ਖਿੱਚ ਦੇ ਬੱਝੇ ਨਿਸਚਿਤ ਪ੍ਰੋਗਰਾਮ ਅਨੁਸਾਰ ਨਿਊਯਾਰਕ (ਯੂ.ਐਸ.ਏ.) ਪਹੁੰਚ ਗਏ ਫਿਰ ਅੱਗੇ ਨਿਊ ਜਰਸੀ, ਵਾਸ਼ਿੰਗਟਨ, ਅਟਲਾਂਟਾ ਆਦਿ ਸਟੇਟਾਂ ਵਿੱਚ ਭਰਮਣ ਦੌਰਾਨ ਸਾਹ ਤੇ ਛਾਤੀ ਵਿੱਚ ਪਾਣੀ ਜਮ੍ਹਾਂ ਹੋਣ ਦੀ ਤਕਲੀਫ ਹੋ ਗਈ ਮੁੜ ਹਸਪਤਾਲ ਦਾਖਲ ਹੋਣਾ ਪਿਆ ਹਾਲਤ ਚਿੰਤਾ ਜਨਕ ਸੀ ਸੱਭ ਨੂੰ ਬੜੀ ਤਸ਼ਵੀਸ਼ ਹੋਈ, ਬਾਬਾ ਜੀ ਦੀ ਸਿਹਤਯਾਬੀ ਲਈ ਅਖੰਡ ਪਾਠ ਰੱਖੇ ਗਏ, ਸੰਗਤਾਂ ਵੀ ਪਾਠਾਂ ਅਤੇ ਅਰਦਾਸਾਂ ਵਿੱਚ ਜੁੜ ਗਈਆਂ ਵਾਹਿਗੁਰੂ ਨੇ ਮਿਹਰ ਕੀਤੀ ਬਾਬਾ ਜੀ ਸਿਹਤਯਾਬ ਹੋ ਕੇ 15, 16 ਅਗਸਤ ਨੂੰ ਹਸਪਤਾਲ ਵਿੱਚੋਂ ਛੁੱਟੀ ਹੋਣ ਬਾਅਦ ਆਪਣੇ ਟਿਕਾਣੇ ਤੇ ਪਹੁੰਚ ਗਏ ਜਿੱਥੇ ਉਹ ਆਰਾਮ ਕਰਨਗੇ ਤੇ ਪੂਰਨ ਸਿਹਤਯਾਬੀ ਬਾਅਦ ਅਗਲੇ ਪ੍ਰੋਗਰਾਮ ਦਾ ਐਲਾਨ ਕਰਨਗੇ ਬਾਬਾ ਜੀ ਦੀ ਪੂਰਨ ਦੇਹ ਅਰੋਗਤਾ ਲਈ ਪ੍ਰੇਮੀ ਸੰਗਤਾਂ ਪਾਠ ਤੇ ਅਰਦਾਸਾਂ ਨਿਰੰਤਰ ਜਾਰੀ ਰੱਖਣ ਦੀ ਕ੍ਰਿਪਾਲਤਾ ਕਰਨ। ਹਾਰਦਿਕ ਧੰਨਵਾਦੀ ਹੋਵਾਂਗੇ।

ਪ੍ਰਾਰਥਕ : ਸਾਧ ਸੰਗਤ ਦਾ ਦਾਸ (ਸੰਤ) ਕਾਹਨ ਸਿੰਘ 'ਸੇਵਾ ਪੰਥੀ'

ਲੜੀਵਾਰ ਕਥਾ

# ਸੁਖਮਨੀ ਸਾਹਿਬ

– ਤੀਰਥ ਸਿੰਘ 'ਸੇਵਾ ਪੰਥੀ'

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ ।

ਚਰਨ ਸਾਧ ਕੇ ਧੋਇ ਧੋਇ ਪੀਉ ॥
ਅਰਪਿ ਸਾਧ ਕਉ ਅਪਨਾ ਜੀਉ ॥
ਸਾਧ ਕੀ ਧੂਰਿ ਕਰਹੁ ਇਸਨਾਨੁ ॥
ਸਾਧ ਊਪਰਿ ਜਾਈਐ ਕੁਰਬਾਨੁ ॥
ਸਾਧ ਸੇਵਾ ਵਡਭਾਗੀ ਪਾਈਐ ॥
ਸਾਧਸੰਗਿ ਹਰਿ ਕੀਰਤਨੁ ਗਾਈਐ ॥
ਅਨਿਕ ਬਿਘਨ ਤੇ ਸਾਧੂ ਰਾਖੈ ॥
ਹਰਿ ਗੁਨ ਗਾਇ ਅੰਮ੍ਰਿਤ ਰਸੁ ਚਾਖੈ ॥
ਓਟ ਗਹੀ ਸੰਤਹ ਦਰਿ ਆਇਆ ॥
ਸਰਬ ਸੂਖ ਨਾਨਕ ਤਿਹ ਪਾਇਆ ॥੬॥

ਚਰਨ ਸਾਧ ਕੇ ਧੋਇ ਧੋਇ ਪੀਉ ॥
ਅਰਪਿ ਸਾਧ ਕਉ ਅਪਨਾ ਜੀਉ ॥

ਅਰਥ : ਇਸ ਪਾਉੜੀ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ ਹਨ ਕੇ ਸਾਨੂੰ ਦੁਨਿਆਵੀ ਜੀਵਾਂ ਨੂੰ ਜੋ ਸੰਤ ਜਨ ਨਾਮ ਸਿਮਰਨ ਦਾ ਅਭਿਆਸ ਕਰਦੇ ਹਨ ਉਹਨਾਂ ਦੇ ਚਰਨ ਧੋ ਕੇ ਪੀਣਾ ਕਰੋ ਅਤੇ ਉਹਨਾਂ ਸੰਤਾਂ ਅੱਗੇ ਆਪਣੀ ਜਿੰਦ ਜਾਨ ਅਰਪਿ (ਭੇਟਾ) ਕਰਨਾ ਕਰੋ ।

ਸਾਧ ਕੀ ਧੂਰਿ ਕਰਹੁ ਇਸਨਾਨੁ ॥
ਸਾਧ ਊਪਰਿ ਜਾਈਐ ਕੁਰਬਾਨੁ ॥

ਅਰਥ : ਅੱਗੇ ਕਹਿੰਦੇ ਹਨ ਕੇ ਉਹਨਾਂ ਸਾਧੂਆਂ, ਸੰਤਾਂ ਦੀ ਚਰਨ ਧੂੜੀ ਵਿੱਚ ਇਸ਼ਨਾਨ ਕਰੋ ਭਾਵ ਨਿਮਰਤਾ ਸਹਿਤ ਉਹਨਾਂ ਦੇ ਉਪਦੇਸ਼ ਨੂੰ ਮੰਨੋ ਅਤੇ ਉਹਨਾਂ ਸੰਤਾਂ ਤੋਂ ਹੀ ਕੁਰਬਾਨ (ਬਲਿਹਾਰ) ਜਾਣਾ ਕਰੋ ਜੋ ਨਾਮ ਸਿਮਰਨ ਦੀ ਕਮਾਈ ਵਿੱਚ ਲੱਗੇ ਰਹਿੰਦੇ ਹਨ।

ਸਾਧ ਸੇਵਾ ਵਡਭਾਗੀ ਪਾਈਐ ॥
ਸਾਧਸੰਗਿ ਹਰਿ ਕੀਰਤਨ ਗਾਈਐ ॥

ਅਰਥ : ਜੋ ਸਾਧੂ ਸੰਤ ਸਿਮਰਨ ਦੀ ਕਮਾਈ ਕਰਦੇ ਹਨ ਉਹਨਾਂ ਸੰਤਾਂ ਦੀ ਸੇਵਾ ਵੀ ਵੱਡੇ ਭਾਗਾਂ ਨਾਲ ਹੀ ਮਿਲਦੀ ਹੈ। ਇਹਨਾਂ ਸੰਤਾਂ ਦੇ ਸੰਗ ਕਰਕੇ ਹੀ ਉਸ ਹਰੀ ਦਾ ਕੀਰਤਨ ਗਾਇਆ ਜਾਂਦਾ ਹੈ ਭਾਵ ਉਸ ਪ੍ਰਮਾਤਮਾ ਦੀ ਭਗਤੀ ਕੀਤੀ ਜਾਂਦੀ ਹੈ।

ਅਨਿਕ ਬਿਘਨ ਤੇ ਸਾਧੂ ਰਾਖੈ ॥
ਹਰਿ ਗੁਨ ਗਾਇ ਅੰਮ੍ਰਿਤ ਰਸੁ ਚਾਖੈ ॥

ਅਰਥ : ਫਿਰ ਇਹ ਵੀ ਕਹਿੰਦੇ ਹਨ ਕੇ ਜੋ ਜੀਵ ਇਹਨਾਂ ਸਾਧੂ ਸੰਤਾਂ ਦੀ ਸੇਵਾ ਕਰਦਾ ਹੈ ਉਸ ਨੂੰ ਪ੍ਰਮਾਤਮਾ ਕਈ ਤਰ੍ਹਾਂ ਦੇ ਵਿਘਨਾਂ ਤੋਂ ਹੱਥ ਦੇ ਕੇ ਆਪ ਰੱਖ ਲੈਂਦਾ ਹੈ ਉਹਨਾਂ ਨੂੰ ਕਿਸੇ ਤਰ੍ਹਾਂ ਵੀ ਦੁੱਖ ਨਹੀ ਹੋਣ ਦਿੰਦਾ ਅਤੇ ਉਹ ਸੇਵਕ ਇਹਨਾਂ ਸੰਤਾਂ ਦੀ ਸੰਗਤ ਵਿੱਚ ਬੈਠਕੇ ਹੀ ਹਰੀ ਦੇ ਗੁਣ ਗਾਉਂਦਾ ਹੈ ਅਤੇ ਅੰਮ੍ਰਿਤ ਦਾ ਰਸ ਚਾਖੈ (ਪੀਂਦਾ ਹੈ)।

ਓਟ ਗਹੀ ਸੰਤਹ ਦਰਿ ਆਇਆ ॥

ਸਰਬ ਸੂਖ ਨਾਨਕ ਤਿਹ ਪਾਇਆ ॥੬॥

ਅਰਥ : ਜਿਨ੍ਹਾਂ ਜੀਵਾਂ ਨੇ ਸੰਤਾਂ ਦੇ ਦਰਬਾਰ ਵਿੱਚ ਆ ਕੇ ਸੰਤਾਂ ਦੀ ਓਟ ਫੜ ਲਈ ਹੈ ਭਾਵ ਸੰਤਾਂ ਦਾ ਸਹਾਰਾ ਲੈ ਲਿਆ ਹੈ ਉਹਨਾਂ ਜੀਵਾਂ ਨੇ ਸਰਬ (ਸਾਰੇ) ਸੁਖਾਂ ਨੂੰ ਪਾ ਲਿਆ ਹੈ।

(ਚਲਦਾ.......)

ੴ ਸਤਿਗੁਰ ਪ੍ਰਸਾਦਿ ॥

# ਗਉੜੀ ਬਾਵਨ ਅਖਰੀ ਮਹਲਾ-੫

- ਸੰਤ ਕਾਹਨ ਸਿੰਘ 'ਸੇਵਾ ਪੰਥੀ'

- ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ ।

ਸਲੋਕੁ॥

ਠਾਕ ਨ ਹੋਤੀ ਤਿਨਹੁ ਦਰਿ ਜਿਹ ਹੋਵਹੁ ਸੁਪ੍ਰਸੰਨ ॥

ਜੋ ਜਨ ਪ੍ਰਭਿ ਅਪੁਨੇ ਕਰੇ, ਨਾਨਕ ਤੇ ਧਨਿ ਧੰਨਿ॥੧॥

ਪਉੜੀ ॥

ਠਠਾ ਮਨੂਆ ਠਾਹਹਿ ਨਾਹੀ ॥
ਜੋ ਸਗਲ ਤਿਆਗਿ ਏਕਹਿ ਲਪਟਾਹੀ ॥
ਠਹਿਕ ਠਹਿਕ ਮਾਇਆ ਸੰਗਿ ਮੂਏ ॥
ਉਆ ਕੈ ਕੁਸਲ ਨ ਕਤਹੂ ਹੂਏ ॥
ਠਾਂਡਿ ਪਰੀ ਸੰਤਹ ਸੰਗਿ ਬਸਿਆ ॥
ਅੰਮ੍ਰਿਤ ਨਾਮ ਤਹਾ ਜੀਅ ਰਸਿਆ ॥
ਠਾਕੁਰ ਅਪੁਨੇ ਜੋ ਜਨੁ ਭਾਇਆ ॥
ਨਾਨਕ ਉਆ ਕਾ ਮਨੁ ਸੀਤਲਾਇਆ ॥

॥ ਸਲੋਕੁ ॥

ਠਾਕ ਨ ਹੋਤੀ ਤਿਨਹੁ ਦਰਿ ਜਿਹ ਹੋਵਹੁ ਸੁਪ੍ਰਸੰਨ ॥
ਜੋ ਜਨ ਪ੍ਰਭਿ ਅਪੁਨੇ ਕਰੇ, ਨਾਨਕ ਤੇ ਧਨਿ ਧੰਨਿ ॥੧॥

**ਪਦ-ਅਰਥ :** ਠਾਕ -ਰੁਕਾਵਟ, ਦਰਿ-ਪ੍ਰਭੂ ਦੇ ਦਰ ਉੱਤੇ, ਸੁਪ੍ਰਸੰਨ-ਚੰਗੀ ਤਰ੍ਹਾਂ ਖੁਸ਼ ਹੁੰਦੇ ਹਨ, ਪ੍ਰਭਿ-ਪ੍ਰਭੂ ਨੇ, ਧਨਿ ਧੰਨਿ-ਵੱਡੇ ਭਾਗਾਂ ਵਾਲੇ ।

**ਅਰਥ :** ਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ ਹੇ ਪ੍ਰਭੂ ਜੀ ਜਿਨ੍ਹਾਂ ਉਤੇ ਤੁਸੀਂ ਬਹੁਤ ਮੇਹਰਬਾਨ ਹੁੰਦੇ ਹੋ ਉਹਨਾਂ ਦੇ ਜੀਵਨ ਰਾਹ ਵਿੱਚ ਤੇਰੇ ਦਰ ਤੇ ਪਹੁੰਚਣ ਲੱਗਿਆਂ ਕੋਈ ਰੋਕ ਨਹੀਂ ਪੈਂਦੀ (ਕੋਈ ਵਿਕਾਰ ਉਹਨਾਂ ਨੂੰ ਪ੍ਰਭੂ ਚਰਨਾਂ ਵਿੱਚ ਜੁੜਨ ਤੋਂ ਰੋਕ ਨਹੀਂ ਸਕਦਾ। ਹੇ! ਭਾਈ ਉਹ ਮਨੁੱਖ ਬਹੁਤ ਵੱਡੇ ਭਾਗਾਂ ਵਾਲੇ ਹਨ

ਜਿਨ੍ਹਾਂ ਸੇਵਕਾਂ ਨੂੰ ਪ੍ਰਭੂ ਨੇ ਆਪਣਾ ਬਣਾ ਲਿਆ ਹੈ।

ਠਠਾ ਮਨੂਆ ਠਾਹਹਿ ਨਾਹੀ
ਜੋ ਸਗਲ ਤਿਆਗਿ ਏਕਹਿ ਲਪਟਾਹੀ ॥

**ਪਦ-ਅਰਥ :** ਠਾਹਹਿ -ਦੁਖਾਂਦੇ

**ਅਰਥ :** ਠਠੇ ਅੱਖਰ ਦੁਆਰਾ ਗੁਰੂ ਸਾਹਿਬ ਜੀ ਫਰਮਾਉਦੇ ਹਨ ਕਿ ਜੋ ਮਨੁੱਖ ਮਾਇਆ ਦੇ ਸਾਰੇ ਮੋਹ ਤਿਆਗ ਕੇ ਇਕ ਪ੍ਰਮੇਸ਼ਵਰ ਨਾਲ ਲਿਪਟ ਭਾਵ ਪ੍ਰੇਮ ਕਰਦੇ ਹਨ। ਉਹ ਫਿਰ ਮਾਇਕ ਪਦਾਰਥਾਂ ਦੀ ਖਾਤਰ ਕਿਸੇ ਦਾ ਦਿਲ ਨਹੀਂ ਦੁਖਾਂਦੇ।

ਠਹਿਕ ਠਹਿਕ ਮਾਇਆ ਸੰਗਿ ਮੂਏ ॥
ਉਆ ਕੈ ਕੁਸਲ ਨ ਕਤਹੂ ਹੂਏ ॥

**ਪਦ-ਅਰਥ :** ਠਹਿਕ ਠਹਿਕ -ਖਹਿ ਖਹਿ ਕੇ ਦੂਜਿਆਂ ਨਾਲ ਵੈਰ ਵਿਰੋਧ ਬਣਾ ਬਣਾ ਕੇ, ਕੁਸਲ -ਆਨੰਦ

**ਅਰਥ :** ਪਰ ਜੋ ਮਨੁੱਖ ਮਾਇਆ ਦੇ ਮੋਹ ਵਿਚ ਫਸ ਕੇ ਮਾਇਆ ਦੀ ਖਾਤਰ ਦੂਜਿਆਂ ਨਾਲ ਵੈਰ ਵਿਰੋਧ ਬਣਾ-ਬਣਾ ਕੇ ਆਤਮਿਕ ਮੌਤ ਸਹੇੜਦੇ ਹਨ। ਉਹਨਾਂ ਦੇ ਅੰਦਰ ਕਦੇ ਆਤਮਿਕ ਆਨੰਦ ਨਹੀਂ ਆ ਸਕਦਾ।

ਠਾਢਿ ਪਰੀ ਸੰਤਹ ਸੰਗਿ ਬਸਿਆ ॥
ਅੰਮ੍ਰਿਤ ਨਾਮ ਤਹਾ ਜੀ ਰਸਿਆ ॥

**ਅਰਥ :** ਜਿਹੜਾ ਮਨੁੱਖ ਸੰਤਾਂ ਗੁਰਮੁਖਾਂ ਦੀ ਸੰਗਤ ਵਿੱਚ ਨਿਵਾਸ ਰੱਖਦਾ ਹੈ ਉਸਦੇ ਮਨ ਵਿੱਚ ਠੰਡ ਆਤਮਿਕ ਸ਼ਾਤੀ ਬਣੀ ਰਹਿੰਦੀ ਹੈ। ਪ੍ਰਭੂ ਦਾ ਆਤਮਿਕ ਜੀਵਨ ਦੇਣ ਵਾਲਾ ਅੰਮ੍ਰਿਤ ਨਾਮ ਉਸਦੀ ਜਿੰਦ ਵਿੱਚ ਰਚ ਜਾਂਦਾ ਹੈ।

ਠਾਕੁਰ ਅਪੁਨੇ ਜੋ ਜਨੁ ਭਾਇਆ ॥
ਨਾਨਕ ਉਆ ਕਾ ਮਨੁ ਸੀਤਲਾਇਆ ॥

**ਅਰਥ :** ਗੁਰੂ ਸਾਹਿਬ ਜੀ ਕਥਨ ਕਰਦੇ ਹਨ ਜੋ ਮਨੁੱਖ ਪਿਆਰੇ-ਪਿਆਰੇ ਪ੍ਰਮਾਤਮਾ ਨੂੰ ਚੰਗਾ ਲੱਗ ਪੈਂਦਾ ਹੈ (ਮਾਇਆ ਦੀ ਤ੍ਰਿਸ਼ਨਾ ਰੂਪ ਅੱਗ ਤੋਂ ਬਚ ਕੇ ਸਦਾ ਸ਼ਾਂਤ ਰਹਿੰਦਾ ਹੈ)

(ਚਲਦਾ.......)

ਭਾਈ ਘਨੱਈਆ ਸਾਹਿਬ ਜੀ ਦੀ

# ਆਤਮਾ ਦੀ ਪੁਕਾਰ

- (ਮਹੰਤ) ਤੀਰਥ ਸਿੰਘ 'ਸੇਵਾ ਪੰਥੀ'

ਸਮੁੱਚਾ ਸਿੱਖ ਪੰਥ ਜਿਸ ਰੂਪ ਜਗਤ ਵਿੱਚ ਵਿਚਰ ਰਿਹਾ ਹੈ, ਉਸ ਤੋਂ ਸਭ ਜਾਣੂ ਹਨ, ਕੋਈ ਰਾਜਨੀਤੀ ਵਿਚ ਸਰਗਰਮ ਹੈ, ਕੋਈ ਧਾਰਮਿਕ ਮਾਹੌਲ ਵਿੱਚ ਮਸਤ ਹੈ, ਕੋਈ ਵਿੱਦਿਅਕ ਤੇ ਸੱਭਿਆਚਾਰਕ ਖੇਤਰ ਵਿੱਚ ਪਰੁਚਿਆ ਹੈ ਤੇ ਕੋਈ ਸੇਵਾ ਕਾਰਜਾਂ ਵਿੱਚ ਸ਼ਾਮਲ ਹੈ, ਭਾਵ ਜਿਸ ਕਾਰੇ ਗੁਰੂ ਨੇ ਲਾਇਆ ਹੈ, ਲੱਗਿਆ ਹੋਇਆ ਹੈ । ਸਿੱਖ ਸਹਿਜਧਾਰੀ ਵੀ ਹਨ, ਸਿੱਖ ਕੇਵਲ ਸਰੂਪ ਵੱਲੋਂ ਵੀ ਸਿੱਖ ਹਨ, ਸਿੱਖ ਅੰਮ੍ਰਿਤਧਾਰੀ ਸਿੰਘ ਵੀ ਹਨ, ਸਿੱਖ ਨਿਹੰਗ ਸਿੰਘ ਵੀ ਹਨ, ਕਈ ਸਿੱਖ ਸੰਪ੍ਰਦਾਈ ਸਿੱਖ ਹਨ, ਕਹਿਣ ਤੋਂ ਭਾਵ ਸਭ ਸਿੱਖ ਕੌਮ ਦੇ ਅੰਗ ਹਨ । ਸਿੱਖ ਕੋਈ ਵੀ ਕਿੱਤਾ ਅਪਨਾਉਣ, ਆਦਰਸ਼ ਕਾਇਮ ਕਰਦੇ ਹਨ ਕਿਉਂਕਿ ਇਹ ਗੁਰੂ ਦਾ ਨਾਮ ਤੇ ਆਸਰਾ ਲੈ ਕੇ ਚਲਦੇ ਹਨ, ਇਨ੍ਹਾਂ ਦਾ ਸਭ ਕੁਝ ਗੁਰੂ ਦੇ ਅਰਪਨ ਹੁੰਦਾ ਹੈ । ਸਿੱਖ ਗੁਰੂ ਦੇ ਹੁਕਮ ਤੇ ਭਾਣੇ ਵਿੱਚ ਰਹਿੰਦਾ ਹੈ, ਇਹ ਕਿਸੇ ਨੂੰ ਭੈ ਨਹੀਂ ਦਿੰਦਾ ਅਤੇ ਕਿਸੇ ਤੋਂ ਭੈ ਨਹੀਂ ਖਾਂਦਾ । ਸਿੱਖ ਸਦਾ ਗੁਰੂ ਨੂੰ ਸਨਮੁੱਖ ਰੱਖਦਾ ਹੈ । ਇਸ ਨੂੰ ਗਿਆਨ ਹੈ ਦਾਤਾਰ ਤੋਂ ਵਿਸਾਰਿਆਂ ਦੁੱਖ ਹੀ ਦੁੱਖ ਤੇ ਕਸ਼ਟ ਹੀ ਕਸ਼ਟ ਹਨ । ਗੁਰੂ ਨਾਨਕ ਦੀ ਫਿਲਾਸਫੀ ਕ੍ਰਿਤ ਕਰਨੀ, ਨਾਮ ਜਪਨਾ ਤੇ ਵੰਡ ਛੱਕਣਾ ਉਪਰ ਚਲਦਾ ਹੋਇਆ ਰੋਜ਼ਾਨਾਂ ਸਰਬੱਤ ਦੇ ਭਲੇ ਦੀ ਅਰਦਾਸ ਕਰਦਾ ਹੈ । ਅਜਿਹੇ ਵਿਅਕਤੀ ਨੂੰ ਜੇ ਕੋਈ ਵੀ ਗਲਤ ਸਮਝਦਾ ਹੈ ਤਾਂ ਉਸ ਦਾ ਕੋਈ ਦੋਸ਼ ਨਹੀਂ । ਧਰਮ ਯੁੱਧ ਤਾਂ ਅਨਿਆਂ ਵਿਰੁੱਧ ਗੁਰੂ ਕਾਲ ਤੋਂ ਚੱਲ ਰਿਹਾ ਹੈ ਤੇ ਚੱਲਦਾ ਰਹੇਗਾ । ਸਮਝਣ ਦੀ ਲੋੜ ਹੈ ਕਿ ਸਿੱਖ ਮੱਤ ਭਗਤੀ-ਸ਼ਕਤੀ-ਸੇਵਾ ਦਾ ਸੁੰਦਰ ਸੁਮੇਲ ਹੈ । ਸਾਨੂੰ ਸਾਹਿਬਾਂ ਨੇ ਸੇਵਾ ਬਖ਼ਸ਼ੀ ਹੈ, ਸਾਡਾ ਕਰਤੱਵ ਸੇਵਾ ਕਮਾਉਣਾ ਹੈ, ਬਿਨਾਂ ਵਿਤਕਰੇ ਸਭ ਜੀਵ ਮਾਤਰ ਦੀ ਨਿਸ਼ਕਾਮ ਸੇਵਾ । ਖਿਮਾ ਕਰਨਾ ਸਾਨੂੰ ਕੋਈ ਗਲਤ ਨਾ ਸਮਝੇ ਸਾਨੂੰ ਭਾਈ ਘਨੱਈਆ ਸਾਹਿਬ ਜੀ ਦੀ ਆਤਮਾ ਦੀ ਪੁਕਾਰ ਸੁਣਾਈ ਦੇ ਰਹੀ ਹੈ । ਸਾਡੀ ਵੀ ਇਹੋ ਪੁਕਾਰ ਹੈ !

**" ਸਭੇ ਸਾਂਝੀਵਾਲ ਸਦਾਇਣ ਕੋਈ ਨਾਂ ਦਿਸੈ ਬਾਹਰਾ ਜੀਉ ॥"**

# ਟਿਕਾਣਾ ਭਾਈ ਜਗਤਾ ਜੀ ਸਾਹਿਬ

## (ਨੂਰਪੁਰ ਥਲ, ਪਾਕਿਸਤਾਨ) ਨਾਲ ਸਬੰਧਿਤ

## ਨਾਦੀ ਬੰਸਾਵਲੀ

## ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ

## ਜਨਮ ਦਾਤਾ ਤਥਾ ਵਰਦਾਤਾ

---

1. ਭਾਈ ਘਨੱਈਆ ਜੀ : 1705-1775 ਬਿ:('ਸੇਵਾ ਪੰਥੀ'ਸੰਪਰਦਾ ਦੇ ਮੋਢੀ)
2. ਭਾਈ ਸੇਵਾ ਰਾਮ ਜੀ 1715-1785 ਬਿ:(ਸੰਪਰਦਾ ਦੇ ਮੁਖ ਸੰਚਾਲਕ)
3. ਭਾਈ ਅੱਡਣ ਸਾਹਿਬ ਜੀ 1745-1814 ਬਿ:(ਮੁਖ ਪੱਥ-ਪ੍ਰਦਰਸ਼ਕ)
4. ਭਾਈ ਭੱਲਾ ਰਾਮ ਜੀ 1778-1854 ਬਿ:(ਮੁੱਖ ਪੱਥ-ਪ੍ਰਦਰਸ਼ਕ)
5. ਭਾਈ ਜਗਤਾ ਜੀ ਸਾਹਿਬ 1798-1868 ਬਿ: (ਮੁਖ ਪੱਥ-ਪ੍ਰਦਰਸ਼ਕ)
6. ਭਾਈ ਹਜ਼ਾਰੀ ਰਾਮ ਜੀ 1813-1883 ਬਿ: (ਮੁੱਖ ਪੱਥ-ਪ੍ਰਦਰਸ਼ਕ)
7. ਭਾਈ ਸਹਾਈ ਰਾਮ ਜੀ 1825-1901 ਬਿ: (ਮੁੱਖ ਪੱਥ-ਪ੍ਰਦਰਸ਼ਕ)
8. ਭਾਈ ਰਲਿਆ ਰਾਮ ਜੀ 1842-1927 ਬਿ: (ਮੁਖ ਪੱਥ-ਪ੍ਰਦਰਸ਼ਕ)
9. ਭਾਈ ਲਖਮੀ ਦਾਸ ਜੀ 1908-1965 ਬਿ: (ਮੁਖ ਪੱਥ-ਪ੍ਰਦਰਸ਼ਕ)
10. ਮਹੰਤ ਭਾਈ ਗੁਲਾਬ ਸਿੰਘ ਜੀ 1871-1950 ਈ: (ਮੁੱਖ ਪੱਥ-ਪ੍ਰਦਰਸ਼ਕ)
11. ਮਹੰਤ ਭਾਈ ਆਸਾ ਸਿੰਘ ਜੀ : 9-12-1893 ਈ: ਤੋਂ 1-1-1974
12. ਮਹੰਤ ਭਾਈ ਤੀਰਥ ਸਿੰਘ ਜੀ : ਜਨਮ 12 ਫ਼ਰਵਰੀ, 1925

ਡੇਰੇ ਦੀ ਸੇਵਾ ਸੰਭਾਲ 14-1-1974 ਤੋਂ

## ਭਾਈ ਘਨੱਈਆ ਜੀ ਸੰਬੰਧੀ

# ਮਹੱਤਵਪੂਰਨ ਜਾਣਕਾਰੀ

| | |
|---|---|
| ਜਨਮ-ਸਥਾਨ | : ਸੋਧਰਾ (ਜ਼ਿਲਾ ਗੁਜਰਾਤ ਹਾਲ ਪਾਕਿਸਤਾਨ) |
| ਜਨਮ ਦਾ ਸਾਲ | : ਸੰਮਤ 1705 (1648 ਈ:) |
| ਪਿਤਾ ਦਾ ਨਾਂ | : ਭਾਈ ਨੱਥੂ ਰਾਮ (ਸ਼ਾਹੀ ਲੋੜ-ਪੂਰਤੀ 'ਸਪਲਾਈ' ਦੇ ਠੇਕੇਦਾਰ, ਜਨਰਲ ਅਮੀਰ ਸਿੰਘ ਨਾਲ ਸੰਬੰਧਿਤ ਸਨ। |
| ਮਾਤਾ ਦਾ ਨਾਂ | : ਸੁੰਦਰੀ ਜੀ |
| ਸ਼੍ਰੀ ਗੁਰੂ ਤੇਗ ਬਹਾਦਰ ਜੀ ਨਾਲ ਮੇਲ | : ਸੰਮਤ 1731 (1674 ਈ:) |
| ਨੌਵੇਂ ਗੁਰੂ ਵੱਲੋਂ ਵਰੋਸਾਏ ਗਏ | : ਸੰਮਤ 1732 (1675 ਈ:) |
| ਕੂਵੇ (ਜਿਲਾ ਕੈਮਲਪੁਰ, ਪਾਕਿਸਤਾਨ) ਵਿੱਚ ਧਰਮਸ਼ਾਲਾ ਕਾਇਮ ਕਰਨੀ | : ਸੰਮਤ 1732-33 (1675-76 ਈ:) |
| ਗੁਰੂ ਗੋਬਿੰਦ ਸਿੰਘ ਜੀ ਨਾਲ ਪਹਿਲਾ ਮਿਲਾਪ | : ਸੰਮਤ 1735 (1678 ਈ:) |
| ਗੁਰੂ ਗੋਬਿੰਦ ਸਿੰਘ ਜੀ ਵਲੋਂ ਵਰੋਸਾਏ ਗਏ | : ਸੰਮਤ 1738 (1681 ਈ:) |
| ਆਨੰਦਪੁਰ ਵਿੱਚ ਕੀਤੀ ਮਾਨਵਵਾਦੀ ਸੇਵਾ | : ਸੰਮਤ 1759-61 (1702-04 ਈ:) |
| ਭਾਈ ਸੇਵਾ ਰਾਮ ਨਾਲ ਪਹਿਲੀ ਮਿਲਣੀ | : 1740 (1683 ਈ:) |
| ਨੂਰਪੁਰ ਵਿੱਚ ਧਰਮਸ਼ਾਲਾ ਦੀ ਸਥਾਪਤੀ | : ਸੰਮਤ 1755 (1698 ਈ:) |
| ਜੋਤੀ ਜੋਤਿ ਸਮਾਏ | : ਸੰਮਤ 1775(1718 ਈ:) |

# ਭਾਈ ਕਨ੍ਹਈਆ

ਕਈ ਅਨੇਕਾਂ ਕਹਿ ਕਹਿ ਹਾਰੇ, ਕਹੀ ਨ ਗਈ ਅਕੱਥ ਕਹਾਣੀ ।
ਕਲਗੀਧਰ ਸਤਿਗੁਰੂ ਦੀ ਮਹਿਮਾਂ, ਕਿੰਵ ਕਰਸੀ ਇਹ ਜੀਭ ਨਿਮਾਣੀ ।
ਵੇਖ ਖ਼ੁਦਾ ਖ਼ੁਦ ਪਟਨੇ ਆਇਆ, ਭੀਖਨ ਖੇਡੀ ਖੇਡ ਨਿਆਰੀ ।
ਢੁਕ ਮੁਸੱਲਾ ਲਹਿੰਦੇ ਵਲੋਂ ਚੜ੍ਹਦੇ ਵਲ ਨਿਮਾਜ਼ ਗੁਜ਼ਾਰੀ ।
ਕੀ ਦੱਸਾਂ ਸ਼ਿਵਦੱਤ ਬ੍ਰਾਹਮਣ, ਗੋਬਿੰਦ ਚੋਂ ਜੱਦ ਰਾਮ ਵੇਖਿਆ ।
ਬਾਰ ਬਾਰ ਬਾਲਾ ਪ੍ਰੀਤਮ ਨੂੰ, ਝੁਕ ਕਰਦਾ ਪਰਣਾਮ ਦੇਖਿਆ ।
ਵੰਡ ਅਨੰਦ, ਅਨੰਦ ਪੁਰੀ ਵਿੱਚ, ਕੱਠੇ ਚਾਰ ਵਰਨ ਬਿਠਾਏ ।
ਸਭ ਮਹਿ ਜੋਤਿ ਜੋਤਿ ਹੈ ਸੋਇ, ਇਹ ਕਹਿ ਸਾਰੇ ਭੇਦ ਮਿਟਾਏ ।
ਠੁਕਰਾਇਆਂ ਲਈ ਬਣੇ ਸਹਾਰਾ, ਮਜ਼ਦੂਰਾਂ ਲਈ ਮਿੱਤਰ ਸਨੇਹੀ ।
ਨੀਚਹੁ ਊਚ ਕਰੇ ਮੇਰਾ ਗੋਬਿੰਦ, ਗੂੰਜੇ ਗੂੰਜ ਚੌਫੇਰੇ ਏਹੀ ।
ਬੈਠੇ ਸਨ ਦਰਬਾਰ ਚ ਇੱਕ ਦਿਨ, ਕੁਝ ਸਿੰਘਾਂ ਆ ਇਓ ਸੁਨਾਈ ।
ਕਹਿਰ ਹੋ ਗਿਆ, ਗਜ਼ਬ ਹੋ ਗਿਆ ਭਾਈ ਕਨ੍ਹਈਏ ਹੱਦ ਮੁਕਾਈ ।
ਅਸੀਂ ਮਾਰੀਏ ਅਸੀ ਕੱਟੀਏ ਪਿਰਤ ਨਵੀਂ ਓਹ ਪਾਈ ਜਾਂਦਾ ।
ਵੈਰੀਆਂ ਤਾਈ ਪਲਾਂਦਾ ਪਾਣੀ ਮਰਦਿਆਂ ਤਾਈ ਜਿਵਾਈ ਜਾਂਦਾ ।
ਇਹ ਸੁਣ ਅਗਮ ਅਡੋਲ ਪਾਤਸ਼ਾਹ, ਬੋਲੇ, ਸਦੋ ਭਾਈ ਕਨ੍ਹਈਆ ।
ਆਏ ਕਨ੍ਹਈਆ, ਪੁੱਛਿਆ, ਸਤਿਗੁਰ ਕਿਓ ਭਾਈ ! ਇਹ ਠੀਕ ਰਵੱਈਆ ?
ਕਹਿਆ ਕਨ੍ਹਈਏ, ਓਹੀ ਰਵੱਈਆ, ਮੈਂ ਨਹੀਂ ਪਿਰਤ ਨਵੀਂ ਕੋਈ ਪਾਈ ।
ਮੈਂ ਤਾਂ ਓਹੋ ਕਾਰ ਹੈ ਕੀਤੀ, ਜਿਹੜੀ ਸਤਿਗੁਰੂ ਤੁਸਾਂ ਕਰਾਈ ।
ਕੀਤਾ ਜੱਦ ਤੋਂ ਦਰਸ ਤੁਹਾਡਾ, ਮਨ ਵਿੱਚ ਇਕੋ ਤੁਕ ਵਸਾਈ ।
ਨ ਕੋ ਬੈਰੀ ਨਹੀ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ ।

ਜਦ ਕੋਈ ਫੱਟੜ ਮੰਗਦੈ ਪਾਣੀ, ਪਹਿਲੋਂ ਸੁਣ ਕੇ ਸ਼ੁਕਰ ਮਨਾਨਾ ।
ਸੌ ਸੌ ਵਾਰ ਝੁਕਾ ਕੇ ਮੱਥਾ ਫਿਰ ਉਸ ਮੂੰਹ ਵਿੱਚ ਪਾਣੀ ਪਾਂਨਾ ।
ਕੀਤੀ ਜਿਨ੍ਹਾਂ ਸ਼ਿਕਾਇਤ ਸਤਿਗੁਰੂ ਓਹ ਕੀ ਜਾਣਨ ਪ੍ਰੇਮ ਦਾ ਦੂਖੜਾ ।
ਮੈਂ ਜਿਸ ਮੂੰਹ ਵਿੱਚ ਪਾਣੀ ਪਾਨਾ ਮੈਨੂੰ ਦਿਸਦੈ ਤੁਸਾਂ ਦਾ ਮੁਖੜਾ ।
ਜਦੋਂ ਮੇਰਾ ਮਹਿਬੂਬ ਪਾਤਸ਼ਾਹ, ਕਿਸੇ ਰੂਪ ਵਿਚ ਪਾਣੀ ਮੰਗੇ ।
ਕੋਈ ਦਸੋ, ਫਿਰ ਭਾਈ ਕਨ੍ਹਈਆ ਕੀਕੂੰ ਪਾਣੀ ਦੇਣੋ ਸੰਗੇ ।
ਇਹ ਸੁਣ ਉਠੇ ਕਲਗੀਆਂ ਵਾਲੇ ਛਾਤੀ ਨਾਲ ਕਨ੍ਹਈਆ ਲਾਇਆ ।
ਨਦਰੀ ਨਦਰ ਨਿਹਾਲ ਕਨ੍ਹਈਆ, ਪਾਵਨ ਮੁਖ ਤੋਂ ਇਹ ਫ਼ੁਰਮਾਇਆ ।
ਜੀਵਨ ਮੁਕਤ ਕਨ੍ਹਈਆ ਹੋਇਆ, ਜੀਵਨ ਜੁਗਤ ਕਨ੍ਹਈਏ ਜਾਣੀ ।
ਸਾਡੇ ਤੀਕ ਕਨ੍ਹਈਆ ਪੁੱਜਿਆ, ਸੇਵਾ ਸਿਮਰਨ ਦੇ ਰਾਹ ਬਾਣੀ ।
ਫਿਰ ਸਗਿਗੁਰ ਦਾ ਸਮਝ ਇਸ਼ਾਰਾ, ਦਿਆ ਸਿੰਘ ਕੋਈ ਵਸਤ ਲਿਆਇਆ ।
ਹੱਥਾਂ ਵਿਚ ਵਸਤ ਲੈ ਸਤਿਗੁਰ ਪਾਵਨ ਮੁੱਖ ਤੋਂ ਇਹ ਫੁਰਮਾਇਆ ।
ਆਹ ਲੈ, ਅੱਜ ਓਏ ਭਾਈ ਕਨ੍ਹਈਆ, ਤੈਨੂੰ ਵਸਤ ਅਨੋਖੀ ਲੱਭੀ ।
ਜਿਥੇ ਕਿਤੇ ਪਿਆਏਂ ਪਾਣੀ, ਰੱਖੀ ਕੋਲ ਮਲ੍ਹਮ ਦੀ ਡੱਬੀ ।
ਜੱਦ ਕੋਈ ਫੱਟੜ ਮੰਗੇ ਪਾਣੀ, ਪਹਿਲੇ ਉਸ ਨੂੰ ਨੀਰ ਪਿਆਈਂ ।
ਓਏ ਹਮਦਰਦਾ ਨਾਲ ਪਿਆਰਾਂ, ਫਿਰ ਫੱਟਾਂ ਤੇ ਮਲ੍ਹਮ ਲਗਾਈਂ ।
ਖਲਕਤ ਦੇ ਵਿੱਚ ਖਾਲਕ ਵਸਦੈ, ਖਿਦਮਤ ਕਰੀਏ ਖ਼ਾਲਕ ਦਿਸਦੈ ।
ਦਿਆ ਭਾਵਨਾ ਦੀ ਤਕਣੀ ਨੂੰ, ਹਰ ਮੁਖੜੇ ਚੋਂ ਮਾਲਕ ਦਿਸਦੈ ।
ਸੂਰਜ ਚੰਦ ਸਿਤਾਰੇ ਜੱਦ ਤੱਕ, ਤੱਦ ਤੱਕ ਧਰਤ ਆਬਾਦ ਰਹੇਗੀ ।
'ਸ਼ੁਗਲ' ਆਖਦਾ, ਭਾਈ ਕਨ੍ਹਈਆਂ ! ਤੱਦ ਤੱਕ ਤੇਰੀ ਯਾਦ ਰਹੇਗੀ ।

ਜੈ ਸਿੰਘ ਸ਼ੁਗਲ, ਕਾਹਨਪੁਰੀ ।

# ਕੀ ਅੱਜ ਵੀ ਭਾਈ ਘਨੱਈਆ ਜੀ ਦੋਸ਼ੀ ਹਨ ?

-ਨਰਿੰਦਰ ਸਿੰਘ ਸੋਚ

ਭਾਈ ਘਨੱਈਆ ਜੀ ਤੁਹਾਨੂੰ ਭਰੇ ਹੋਏ ਦੀਵਾਨ ਵਿੱਚ ਦੋਸ਼ੀ ਦੇ ਕਟਹਿਰੇ ਵਿੱਚ ਕਿਉਂ ਖੜ੍ਹਾ ਕੀਤਾ ਗਿਆ ਸੀ ? ਕੀ ਤੁਸੀਂ ਦੋਸ਼ੀ ਸੀ ਜਾਂ ਕਿ ਕਟਹਿਰੇ ਵਿੱਚ ਤੁਹਾਨੂੰ ਖੜ੍ਹਾ ਕਰਾਉਣ ਵਾਲੇ ਦੋਸ਼ੀ ਸਨ ? ਕੀ ਕੋਈ ਇੱਕ ਵੀ ਸਿੱਖ ਜਾਂ ਸਿੰਘ ਸੀ ਜਿਹੜਾ ਤੁਹਾਡੀ ਸਫ਼ਾਈ ਦੀ ਗਵਾਹੀ ਦੇਣ ਲਈ ਉਠਿਆ ਹੋਵੇ ? ਕੀ ਤੁਸੀਂ ਸਰਬ ਸੰਮਤੀ ਨਾਲ ਗਰਦਾਨੇ ਗਏ ਦੋਸ਼ੀ ਹੋ ? ਕੋਈ ਇੱਕ ਵੀ ਸਿੱਖ ਜਾਂ ਸਿੰਘ ਜਿਸ ਨੇ ਤੁਹਾਡੇ ਕੰਮ ਦੀ ਪ੍ਰਸ਼ੰਸਾ ਕੀਤੀ ਹੋਵੇ ? ਕੀ ਤੁਸੀਂ ਸਿੰਘ ਸਿਪਾਹੀਆਂ ਦੀ ਅੱਖਾਂ ਵਿੱਚ ਕੰਡੇ ਵਾਂਗ ਨਹੀਂ ਸੀ ਰੜਕਦੇ ਰਹੇ ? ਕੀ ਤੁਹਾਡਾ ਕੇਵਲ ਇਸ ਕਰਕੇ ਲਿਹਾਜ਼ ਨਹੀਂ ਕੀਤਾ ਗਿਆ, ਕਿ ਤੁਸੀਂ ਗੁਰੂ ਤੇਗ਼ ਬਹਾਦਰ ਮਹਾਰਾਜ ਦੇ ਅਨਿੰਨ ਭਗਤ ਸਉ ? ਕੀ ਜੇ ਗੁਰੂ ਗੋਬਿੰਦ ਸਿੰਘ ਮਹਾਰਾਜ ਦਾ ਡਰ ਨਾ ਹੁੰਦਾ ਤਾਂ ਤੁਸੀਂ ਹੁਣ ਤੱਕ ਕਤਲ ਨਾ ਕੀਤੇ ਗਏ ਹੁੰਦੇ ? ਕੀ ਵੈਰੀ ਦਾ ਮਿੱਤਰ ਵੈਰੀ ਨਹੀਂ ਹੁੰਦਾ ? ਕੀ ਤੁਸੀਂ ਦੁਸ਼ਮਣ ਦੀ ਮੱਦਦ ਨਹੀਂ ਕਰਦੇ ਰਹੇ ? ਕੀ ਜਿਨ੍ਹਾਂ ਨੂੰ ਤੁਸੀ ਮਰਦਿਆਂ ਜਾਂਦਿਆਂ ਨੂੰ ਪਾਣੀ ਪਿਲਾ ਕੇ ਖੜ੍ਹਾ ਕੀਤਾ ਸੀ ਉਨ੍ਹਾਂ ਨੇ ਸਿੰਘਾਂ ਦਾ ਕਤਲ ਨਹੀਂ ਕੀਤਾ ? ਕੀ ਉਨ੍ਹਾਂ ਸਿੰਘਾਂ ਦੇ ਤੁਸੀਂ ਕਾਤਲ ਨਹੀਂ ਹੋ ? ਕੀ ਤੁਸੀਂ ਵੈਰੀਆਂ ਦੇ ਮੋਰਚਿਆਂ ਵਿਚ ਨਹੀਂ ਜਾਂਦੇ ਰਹੇ ? ਕੀ ਕਦੇ ਵੈਰੀ ਨੇ ਤੁਹਾਡੇ ਉਪਰ ਵਾਰ ਕੀਤਾ ਹੈ ?

ਭਾਈ ਘਨੱਈਆ ਜੀ, ਜਦੋਂ ਤੁਹਾਥੋਂ ਸੁਆਲ ਪੁੱਛੇ ਜਾ ਰਹੇ ਸਨ, ਤੁਸੀਂ ਆਪਣੇ ਗੁਰਦੇਵ ਦੀ ਪੰਗਤੀ ਪੜ੍ਹ ਰਹੇ ਸੀ, 'ਨਾ ਕੋਈ ਮੇਰਾ ਵੈਰੀ ਹੈ । ਨਾ ਕੋਈ ਬੇਗਾਨਾ ਹੈ, ਮੇਰੀ ਸਭ ਨਾਲ ਦੋਸਤੀ ਹੈ ?

ਗੁਰੂ ਗੋਬਿੰਦ ਸਿੰਘ ਜੀ ਬਨਾਵਟੀ ਗੁੱਸੇ 'ਚ ਬੋਲੇ, '' ਕੀ ਭਾਈ ਘਨੱਈਆ ਜੀ ਤੁਸੀਂ ਵੈਰੀ ਨੂੰ ਪਾਣੀ ਪਿਲਾਉਂਦੇ ਰਹੇ ਹੋ'?

ਭਾਈ ਘਨੱਈਆ ਜੀ ਨੇ ਹੱਥ ਜੋੜ ਕੇ ਕਿਹਾ, '' ਨਹੀਂ ਅੰਤਰਯਾਮੀ ਜੀ ।'' ਸੰਗਤ ਵਿਚੋਂ ਕਈ ਸਿੰਘ ਇੱਕ ਦਮ ਉੱਠ ਖੜੋਤੇ ਤੇ ਬੋਲੇ,'' ਝੂਠਾ'' ।

''ਜੰਝ ਕੁਪੱਤੀ ਤੇ ਸੁਥਰਾ ਭਲਾ ਮਾਣਸਾ ।''

''ਦਲੇਰ ਝੂਠਾ ।''

'' ਗੁਰੂ ਦੀ ਹਜ਼ੂਰੀ ਵਿੱਚ ਏਡਾ ਕੁਫਰ ।''

'' ਵੇਖਣਾ ਗੁਰੂ ਜੀ ਨੇ ਮਸੰਦਾਂ ਵਾਂਗ ਇਸ ਨੂੰ ਜਿਉਂਦੇ ਜੀ ਸਾੜਨਾ ਹੈ ।''

'' ਗੁਰੂ ਜੀ, ਇਸ ਨੂੰ ਝੂਠ ਬੋਲਣ ਦੀ ਵੀ ਸਜ਼ਾ ਦੇਣੀ ।'' ਗੁਰੂ ਜੀ ਨੇ ਸਭ ਨੂੰ ਇਸ਼ਾਰੇ ਨਾਲ ਬਿਠਾ ਦਿੱਤਾ । ਗੁਰੂ ਜੀ ਨੇ ਪੁੱਛਿਆ, '' ਕੀ ਹਰ ਸਮੇਂ ਤੁਹਾਡੇ ਮੋਢੇ ਉਪਰ ਪਾਣੀ ਦੀ ਮਸ਼ਕ ਹੁੰਦੀ ਹੈ ?''

'' ਹਾਂ ਜੀ, ਮੈਂ ਮਸ਼ਕ ਕਦੇ ਖਾਲੀ ਨਹੀਂ ਰਹਿਣ ਦਿੰਦਾ ।''

'' ਮਸ਼ਕ ਲੈ ਕੇ ਕਿਥੇ ਜਾਂਦੇ ਹੁੰਦੇ ਹੋ ?''

'' ਜਿਥੇ ਵੀ ਕੋਈ ਪਿਆਸਾ ਹੁੰਦਾ ਹੈ ।''

'' ਕੀ ਜੰਗ ਵਿੱਚ ਵੀ ਮਸ਼ਕ ਲੈ ਕੇ ਜਾਂਦੇ ਹੁੰਦੇ ਹੋ ?''

'' ਹਾਂ ਜੀ, ਜੰਗ ਵਿੱਚ ਜਾਂਦਾ ਹਾਂ ।''

'' ਉਥੇ ਜਾ ਕੇ ਪਾਣੀ ਪਿਲਾਉਂਦੇ ਹੁੰਦੇ ਹੋ ?''

" ਹਾਂ ਜੀ , ਪਾਣੀ ਪਿਲਾਉਂਦਾ ਹੁੰਦਾ ਹਾਂ ।"

" ਪਾਣੀ ਕਿਸ ਨੂੰ ਪਿਲਾਉਂਦੇ ਹੁੰਦੇ ਹੋ ?"

" ਜੀ ਕੇਵਲ ਤੁਹਾਨੂੰ, ਅੱਜ ਤੱਕ ਤੁਹਾਥੋਂ ਬਿਨਾਂ ਮੈਂ ਕਿਸੇ ਨੂੰ ਪਾਣੀ ਨਹੀਂ ਪਿਲਾਇਆ । ਜਦੋਂ ਤੁਸੀਂ ਹਾਇ ਪਾਣੀ ! ਕਰਕੇ ਆਵਾਜ਼ ਦਿੰਦੇ ਹੋ, ਮੈਂ ਰੁੱਕ ਨਹੀਂ ਸਕਦਾ, ਭਾਵੇਂ ਗੋਲੀਆਂ ਦਾ ਮੀਂਹ ਵਰ੍ਹਦਾ ਹੋਵੇ ।"

ਗੁਰੂ ਗੋਬਿੰਦ ਸਿੰਘ ਜੀ ਨੇ ਉੱਤਰ ਸੁਣ ਕੇ ਉਠੇ ਤੇ ਭਾਈ ਘਨੱਈਆ ਜੀ ਨੂੰ ਆਪਣੇ ਸੀਨੇ ਨਾਲ ਲਾ ਕੇ ਕਿਹਾ," ਸਿੰਘੋ, ਤੁਸੀਂ ਆਪਣੇ ਸਿਰ ਤਲੀ ਉਪਰ ਰੱਖ ਕੇ ਲੜਦੇ ਰਹੇ ਹੋ, ਤੁਹਾਨੂੰ ਆਪਣੀ ਜਾਨ ਨਾਲੋਂ ਵੀ ਗੁਰੂ ਪਿਆਰਾ ਹੈ" ਪਰ ਤੁਸੀਂ ਮੈਨੂੰ ਕੇਵਲ ਜਾਣਦੇ ਹੋ, ਪਛਾਣਣ ਅਤੇ ਮਾਨਣ ਵਾਲੇ ਕੇਵਲ ਭਾਈ ਘਨੱਈਆ ਜੀ ਹਨ । ਤੁਸੀਂ ਮੈਨੂੰ ਇਕ ਵਾਰ ਵੀ ਭਾਈ ਘਨੱਈਆ ਜੀ ਵਾਲਾ ਪਾਣੀ ਨਹੀਂ ਪਿਲਾਇਆ । ਜੇ ਭਾਈ ਘਨੱਈਆ ਜੀ ਨਾ ਹੁੰਦੇ ਤਾਂ ਮੈਂ ਸਾਰੀ ਉਮਰ ਪਿਆਸੇ ਰਹਿਣਾ ਸੀ । ਵਿਚਾਰਨ ਵਾਲੀ ਗੱਲ ਇਕ ਹੈ ਇਨ੍ਹਾਂ ਲੜਾਈਆਂ ਵਿਚ ਹਿੰਦੂ ਰਾਜੇ ਤੇ ਉਨ੍ਹਾਂ ਦੇ ਹਿੰਦੂ ਸਿਪਾਹੀ ਵੀ ਸਨ ਤੇ ਔਰੰਗਜ਼ੇਬ ਦੀਆਂ ਫ਼ੌਜਾਂ ਵਿੱਚ ਵੀ ਹਿੰਦੂ ਤੇ ਮੁਸਲਿਮ ਸਿਪਾਹੀ ਵੀ ਸਨ । ਭਾਈ ਘਨੱਈਆ ਜੀ ਪੂਰਨ ਸਿੱਖ ਸਨ, ਉਨ੍ਹਾਂ ਦਾ ਦਰਸ਼ਨੀ ਦਾਹੜਾ ਪ੍ਰਕਾਸ਼ਮਾਨ ਸੀ । ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸਿਰ ਉਪਰ ਦਸਤਾਰ ਸਜਾਉਂਦੇ ਸਨ । ਦਸਤਾਰ ਉਪਰ ਕਲਗੀ ਸਜਾਉਂਦੇ ਸਨ । ਉਹਨਾਂ ਦੀ ਤੇ ਉਨ੍ਹਾਂ ਦੇ ਪਿਆਰੇ ਸਿੰਘ ਦੀ ਨਿਰਾਲੀ ਸ਼ਕਲ ਸੀ । ਹਿੰਦੂ ਤੇ ਮੁਸਲਮਾਨ ਸਿਪਾਹੀਆਂ ਨਾਲ ਨਹੀਂ ਸੀ ਮਿਲਦੀ, ਪਰ ਭਾਈ ਘਨੱਈਆ ਜੀ ਪਾਣੀ ਖੁਣੋਂ ਮਰ ਰਹੇ ਸਿਪਾਹੀਆਂ ਦੇ ਸਿਰ ਉਪਰ ਆਪਣੇ ਤਸੱਵਰ ਦਾ ਤਾਜ ਪਹਿਨਾ ਰਹੇ ਸਨ, ਤਸੱਵਰ ਦੀ ਦਸਤਾਰ ਬੰਨ੍ਹ ਰਹੇ ਸਨ, ਤਸੱਵਰ ਦੀ ਕਲਗੀ ਸਜਾ ਰਹੇ ਸਨ ਉਨ੍ਹਾਂ ਦੀ ਦਰਦ ਭਰੀ ਅਵਾਜ਼ ਸੁਣ ਰਹੇ ਸਨ ।

ਗੁਰੂ ਗੋਬਿੰਦ ਸਿੰਘ ਜੀ ਨੇ ਕਦੇ ਕਿਸੇ ਸਿੱਖ ਨੂੰ ਮਲ੍ਹਮ ਦੀ ਡੱਬੀ ਨਹੀਂ ਸੀ ਦਿੱਤੀ । ਕਦੇ ਕਿਸੇ ਨੂੰ ਬੰਨਣ ਵਾਲੀਆਂ ਪੱਟੀਆਂ ਨਹੀਂ ਸਨ ਦਿੱਤੀਆਂ, ਮਲ੍ਹਮ ਵੀ ਆਪ ਲਾਉਂਦੇ ਤੇ ਪੱਟੀਆਂ ਵੀ ਆਪ ਬੰਨਿਆਂ ਕਰਦੇ ਸਨ । ਅੱਜ ਉਨ੍ਹਾਂ ਨੇ ਆਪਣੀ ਮਲ੍ਹਮ ਤੇ ਬੰਨ੍ਹਣ ਵਾਲੀਆਂ ਪੱਟੀਆਂ ਭਾਈ ਘਨੱਈਆ ਜੀ ਦੇ ਹਵਾਲੇ ਕਰ ਦਿੱਤੀਆਂ।

ਅੱਜ ਕੋਈ ਹੈ ਮਾਈ ਦਾ ਲਾਲ, ਜਿਹੜਾ ਵੈਰੀਆਂ ਨੂੰ ਗੁਰੂ ਰੂਪ ਜਾਣ ਕੇ ਪਾਣੀ ਪਿਲਾ ਸਕਦਾ ਹੈ ? ਵੈਰੀ ਦੇ ਘਰ ਜਾ ਕੇ ਪੱਟੀਆਂ ਕਰ ਸਕਦਾ ਹੈ ?

ਅੱਜ ਭਾਈ ਘਨੱਈਆ ਜੀ ਪਹਿਲਾਂ, ਵਾਂਗ ਹੀ ਇਕੱਲੇ ਰਹਿ ਗਏ ਸਨ । ਸਾਰਾ ਸੰਸਾਰ ਸ਼ਿਕਾਇਤਾਂ ਨਾਲ ਗਲ-ਗਲ ਤੱਕ ਭਰਿਆ ਹੋਇਆ ਹੈ । ਗੁਰੂ ਨੂੰ ਪਛਾਨਣ ਤੇ ਮਾਨਣ ਦੀ ਰੁੱਤ ਬੀਤਦਾ ਇਤਿਹਾਸ ਬਣ ਕੇ ਰਹਿ ਗਈ ਹੈ । ਇਹ ਗੱਲਾਂ ਕੇਵਲ ਪੜ੍ਹਨ ਸੁਣਨ ਲਈ ਹਨ ? ਗੱਲਾਂ ਨਾਲ ਆਪ ਖੁਸ਼ ਹੋਣ ਤੇ ਦੂਜੇ ਨੂੰ ਖੁਸ਼ ਕਰਨ ਲਈ ਹਨ । ਅੱਜ ਕੌਣ ਭਾਈ ਘਨੱਈਆ ਜੀ ਨੂੰ ਸੀਨੇ ਨਾਲ ਲਾਵੇ, ਕੌਣ ਉਨ੍ਹਾਂ ਨੂੰ ਮਲ੍ਹਮ ਤੇ ਬੰਨ੍ਹਣ ਲਈ ਪੱਟੀਆਂ ਦੇਵੇ ? ਕੌਣ ਸ਼ਿਕਾਇਤਾਂ ਲਾਉਣ ਵਾਲਿਆਂ ਨੂੰ ਇਸ਼ਾਰੇ ਨਾਲ ਚੁੱਪ ਕਰਕੇ ਬੈਠਣ ਲਈ ਆਖੇ । ਭਾਈ ਘਨੱਈਆ ਜੀ ਇਕੱਲੇ ਹਨ ।

--------

# ਭਾਈ ਘਨੱਈਆ ਜੀ

- ਪ੍ਰੋ: ਪ੍ਰਕਾਸ਼ ਸਿੰਘ

ਭਾਈ ਘਨੱਈਆ ਜੀ ਦਾ ਨਾਮ ਲੈਂਦੇ ਹੀ ਸਾਡੇ ਸਾਹਮਣੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸ਼੍ਰੀ ਆਨੰਦਪੁਰ ਵਿਖੇ ਹੋਏ ਯੁੱਧਾਂ ਦੇ ਨਜ਼ਾਰੇ ਆ ਜਾਂਦੇ ਹਨ ਅਤੇ ਨਾਲ ਹੀ ਭਾਈ ਸਾਹਿਬ ਮੈਦਾਨਿ-ਜੰਗ ਵਿੱਚ ਫੱਟੜ ਤੇ ਤਿਹਾਏ ਸਿੱਖਾਂ ਤੇ ਉਨ੍ਹਾਂ ਦੇ ਵੈਰੀਆਂ ਨੂੰ ਇੱਕੋ ਦ੍ਰਿਸ਼ਟੀ ਨਾਲ ਪਾਣੀ ਪਿਆਂਦੇ ਦਿਖਾਈ ਦਿੰਦੇ ਹਨ । ਇਹ ਹੈ ਭੀ ਸੁਭਾਵਿਕ ਕਿਉਂਕਿ ਭਾਈ ਘਨੱਈਆ ਜੀ ਦੀ ਇੱਕ ਸਾਖੀ ਇਤਨੀ ਜਿਆਦਾ ਪ੍ਰਚੱਲਿਤ ਹੈ ਕਿ ਇਹੋ ਸੰਕਲਪ ਹੀ ਅੱਖਾਂ ਸਾਹਮਣੇ ਆਏਗਾ । ਉਹ ਸਾਖੀ ਇਹ ਹੈ ਕਿ ਕੁਝ ਸਿੱਖਾਂ ਨੇ ਦਸਮੇਸ਼ ਪਿਤਾ ਜੀ ਪਾਸ ਸ਼ਿਕਾਇਤ ਕੀਤੀ ਕਿ ਅਸੀਂ ਦੁਸ਼ਮਣਾਂ ਨੂੰ ਫੱਟੜ ਕਰਦੇ ਹਾਂ ਤੇ ਭਾਈ ਘਨੱਈਆ ਜੀ ਉਨ੍ਹਾਂ ਨੂੰ ਪਾਣੀ ਪਿਲਾ ਕੇ ਮੁੜ ਨੌ-ਬਰ ਨੌ ਕਰ ਦਿੰਦੇ ਹਨ । ਕਲਗ਼ੀਧਰ ਜੀ ਨੇ ਬੁਲਾ ਕੇ ਪੁੱਛਿਆ ਤਾਂ ਭਾਈ ਸਾਹਿਬ ਨੇ ਉੱਤਰ ਦਿੱਤਾ ਕਿ ਮੈਨੂੰ ਤਾਂ ਕੋਈ ਵੈਰੀ ਨਜ਼ਰ ਹੀ ਨਹੀਂ ਆਉਂਦਾ । ਮੈਨੂੰ ਤਾਂ ਸਭ ਪਾਸੇ ਹਰੀ ਰੂਪ ਦਿਸਦਾ ਹੈ । ਗੁਰੂ ਜੀ ਨੇ ਖੁਸ਼ ਹੋ ਕੇ ਗਲ ਨਾਲ ਲਗਾਇਆ ਤੇ ਹੁਕਮ ਦਿੱਤਾ ਕਿ ਜਿੱਥੇ ਤੁਸੀਂ ਰਣ-ਭੂਮੀ ਵਿੱਚ ਫੱਟੜ ਪਿਆਸਿਆਂ ਨੂੰ ਪਾਣੀ ਪਿਆਉਂਦੇ ਹੋ ਉਥੇ ਨਾਲ ਹੀ ਉਨ੍ਹਾਂ ਦੇ ਜਖ਼ਮਾਂ ਦੀ ਮਲ੍ਹਮ ਪੱਟੀ ਵੀ ਕਰ ਦਿਆਂ ਕਰੋ । ..........ਆਦਿ ਆਦਿ ।

ਅੱਜ-ਕੱਲ੍ਹ ਜੰਗ ਯੁੱਧ ਦੇ ਸਮੇਂ ਰਣ-ਖੇਤਰ ਵਿੱਚ ਵੱਖ-ਵੱਖ ਕੌਮਾਂ ਤੇ ਮੁਲਕਾਂ ਦੀਆਂ ਸਭਾ ਸੁਸਾਇਟੀਆਂ ਜਖ਼ਮੀ ਹੋਏ ਲੋਕਾਂ ਦੀ ਮਲ੍ਹੱਮ ਪੱਟੀ ਕਰਦੀਆਂ ਹਨ ਤੇ ਹੋਰ ਡਾਕਟਰੀ ਸਹਾਇਤਾ ਦਿੰਦੀਆਂ ਹਨ ਜਿਨ੍ਹਾਂ ਨੂੰ ਕਿ ਰੈੱਡਕਰਾਸ ਦਾ ਨਾਮ ਦਿੱਤਾ ਜਾਂਦਾ ਹੈ ਕਿਉਂਕਿ ਲਾਲ (ਰੈੱਡ) ਰੰਗ ਵਿੱਚ ਜਮ੍ਹਾਂ (ਕਰਾਸ ਭਾਵ +) ਦੇ ਨਿਸ਼ਾਨ ਨੂੰ ਅਪਨਾ ਕੇ ਵੱਖ-ਵੱਖ ਦੇਸ਼ਾਂ ਨੇ ਇਸ ਨੂੰ ਅੰਤਰਰਾਸ਼ਟਰੀ ਪੱਧਰ ਦੀ ਮਾਨਤਾ ਦਿੱਤੀ ਹੋਈ ਹੈ । ਇਹ ਮਾਨਤਾ ਜਨੇਵਾ ਵਿੱਚ 1864 ਈ: ਵਿੱਚ ਹੋਈ ਅਨੇਕ ਦੇਸ਼ਾਂ ਦੀ ਕਨਵੈਨਸ਼ਨ ਦੇ ਫੈਸਲੇ ਅਨੁਸਾਰ ਹੋਈ । ਇਸ ਫੈਸਲੇ ਅਨੁਸਾਰ ਰੈੱਡ ਕਰਾਸ ਦੀਆਂ ਸਭਾ ਸੁਸਾਇਟੀਆਂ ਨੂੰ ਜੰਗ ਵਿੱਚ ਖ਼ਾਸ-ਖ਼ਾਸ ਸਹੂਲਤਾਂ ਤੇ ਅਧਿਕਾਰ ਹੁੰਦੇ ਹਨ ।

ਆਨੰਦਪੁਰ ਦੇ ਯੁੱਧ 1704 ਈ: ਤੋਂ ਪਹਿਲਾਂ ਹੋਏ । 1704 ਈ: ਵਿੱਚ ਤਾਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਛੱਡ ਦਿੱਤਾ ਸੀ । ਸਪਸ਼ੱਟ ਹੈ ਕਿ ਜਨੇਵਾ ਕਨਵੈਨਸ਼ਨ ਤੋਂ 160 ਸਾਲ ਪਹਿਲਾਂ ਭਾਈ ਘਨੱਈਆ ਜੀ ਨੇ ਅਜਿਹੀ ਸੇਵਾ ਅਠਾਰਵੀਂ ਸਦੀ ਦੇ ਸ਼ੁਰੂ ਵਿੱਚ ਕਰ ਵਿਖਾਈ ਜਿਸ ਦੀ ਲੋੜ ਸੰਸਾਰ ਦੇ ਕਈ ਦੇਸ਼ਾਂ ਨੇ ਮਿਲ ਕੇ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿੱਚ ਮਹਿਸੂਸ ਕੀਤੀ ।

ਸੰਸਾਰ ਦੇ ਇਤਿਹਾਸ ਵਿੱਚੋਂ ਸ਼ਾਇਦ ਕੁੱਝ ਐਸੇ ਵਿਅਕਤੀ ਲੱਭ ਪੈਣ ਜਿਨ੍ਹਾਂ ਨੇ ਫੱਟੜਾਂ, ਰੋਗੀਆਂ ਤੇ ਜੰਗ ਯੁੱਧ ਦੇ ਸਮੇਂ ਲੋੜਵੰਦਾਂ ਦੀ ਤਨੋਂ ਮਨੋਂ ਸੇਵਾ ਕੀਤੀ ਹੋਵੇ ਜਿਵੇਂ ਕਿ ਫਲੋਰੈਂਸ ਨਾਈਟਿੰਗੇਲ (1820-1910 ਈ:) ਨੇ ਜੋ ਕ੍ਰਿਮੀਅਨ ਹਸਪਤਾਲ ਦੀ ਨਰਸ ਸੀ ਪਰ ਭਾਈ ਘਨੱਈਆ ਜੀ ਵਰਗੀ ਸਮਦ੍ਰਿਸ਼ਟੀ ਨਾਲ, ਨਿਰਪੱਖ, ਨਿਰਕਪਟ ਤੇ ਨਿਰਛਲ ਸੇਵਾ ਕਿਸੇ ਨਹੀਂ ਕੀਤੀ । ਭਾਈ ਸਾਹਿਬ ਨੇ ਇਹ ਬੇਮਿਸਾਲ ਸੇਵਾ ਓਦੋਂ ਕਰ ਵਿਖਾਈ ਜਦ ਕਿ ਸੰਸਾਰ ਵਿੱਚ ਇਸ ਪੱਖੋਂ ਅਜੇ ਇਤਨੀ ਜਾਗ੍ਰਿਤੀ ਨਹੀਂ ਸੀ ਆਈ ।

ਸੇਵਾ ਦੇ ਖੇਤਰ ਵਿੱਚ ਭਾਈ ਘਨੱਈਆ ਜੀ ਇਸ ਸਿਖਰ ਤੇ ਕਿਵੇਂ ਪਹੁੰਚੇ ? ਇਸ ਪਿੱਛੇ ਉਨ੍ਹਾਂ ਦੀ ਇਕ ਲੰਮੀ ਘਾਲ ਕਮਾਈ ਹੈ । ਜੋ ਕਿ ਉਨ੍ਹਾਂ ਨੇ ਸ਼੍ਰੀ ਗੁਰੂ ਤੇਗ

ਬਹਾਦਰ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿੱਚ ਰਹਿ ਕੇ ਜਾਂ ਫਿਰ ਉਨ੍ਹਾਂ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਥਾਉਂ -ਥਾਈਂ ਵਿਚਰ ਕੇ ਵੱਖ-ਵੱਖ ਪ੍ਰਕਾਰ ਦੀ ਸੇਵਾ ਕਰਕੇ ਪ੍ਰਾਪਤ ਕੀਤੀ । ਭਾਈ ਸਾਹਿਬ ਦੀ ਇਸ ਘਾਲਣਾ ਦਾ ਠੀਕ ਅੰਦਾਜ਼ਾ ਤਾਂ ਹੀ ਲੱਗ ਸਕਦਾ ਹੈ ਜੇ ਅਸੀਂ ਉਨ੍ਹਾਂ ਦੇ ਜੀਵਨ ਤੇ ਜਨਮ ਤੋਂ ਲੈ ਕੇ ਅੰਤ ਤੱਕ ਇਕ ਨਜ਼ਰ ਮਾਰੀਏ । ਹਥਲੇ ਲੇਖ ਵਿੱਚ ਅਸੀਂ ਇਸੇ ਦ੍ਰਿਸ਼ਟੀ ਤੋਂ ਕੁਝ ਤੱਥ ਘਨੱਈਆ ਜੀ ਦੇ ਜੀਵਨ ਵਿੱਚੋਂ ਪਾਠਕਾਂ ਸਾਹਮਣੇ ਰੱਖਣ ਦਾ ਯਤਨ ਕੀਤਾ ਹੈ । ਭਾਈ ਸਾਹਿਬ ਸਬੰਧੀ ਇਹ ਸੰਖੇਪ ਜਿਹੀ ਜਾਣਕਾਰੀ ਪੜ੍ਹਨ ਮਗਰੋਂ ਪਾਠਕ ਇਹ ਮਹਿਸੂਸ ਕਰਨਗੇ ਕਿ ਭਾਈ ਸਾਹਿਬ ਦੀ ਉਪਰ ਕਥਿਤ ਸਾਖੀ ਹੀ ਸਿਖਿਆਦਾਇਕ ਨਹੀਂ ਸਗੋਂ ਉਨ੍ਹਾਂ ਦੇ ਜੀਵਨ ਦੀਆਂ ਹੋਰ ਅਨੇਕਾਂ ਸਾਖੀਆਂ ਵੀ ਸਿੱਖਿਆ ਭਰਪੂਰ ਹਨ । ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਉਨ੍ਹਾਂ ਦਾ ਸਾਰਾ ਜੀਵਨ ਹੀ ਲਗਨ, ਭਗਤੀ, ਵੈਰਾਗ ਤੇ ਸੇਵਾ ਦਾ ਇੱਕ ਐਸਾ ਨਮੂਨਾ ਹੈ ਜਿਸ ਤੋਂ ਅਸੀਂ ਬਹੁਪੱਖੀ ਸਿੱਖਿਆ ਲੈ ਸਕਦੇ ਹਾਂ ।

## ਜਨਮ ਤੇ ਮੁਢਲਾ ਜੀਵਨ :

ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ 1648 ਈ: (1705 ਸੰਮਤ) ਵਿੱਚ ਭਾਈ ਘਨੱਈਆ ਜੀ ਦਾ ਜਨਮ ਹੋਇਆ । ਭਾਈ ਕਾਨ੍ਹ ਸਿੰਘ ਅਨੁਸਾਰ ਆਪ ਦਾ ਜਨਮ ਪਿੰਡ ਸੋਧਰੇ (ਵਜ਼ੀਰਾਬਾਦ ਪਾਸ) ਹੋਇਆ । ਆਪ ਦੇ ਪਿਤਾ ਧੰਮਨ ਗੌਤ ਦੇ ਖੱਤਰੀ ਸਨ । ਸਾਖੀਆਂ ਭਾਈ ਅੱਡਣ ਜੀ ਅਨੁਸਾਰ ਆਪ ਦਾ ਜਨਮ ਖੱਤਰੀ ਦੀਵਾਨ ਦੇ ਘਰ ਹੋਇਆ ਜੋ ਕਿ ਚੰਗਾ ਅਮੀਰ ਘਰਾਣਾ ਸੀ । ਆਪ ਦੇ ਪਿਤਾ ਇੱਕ ਵੱਡੇ ਵਪਾਰੀ ਸਨ । ਉਹ ਸ਼ਾਹੀ ਫ਼ੌਜਾਂ ਨੂੰ ਰਸਦ ਆਦਿ ਪਹੁੰਚਾਣ ਦਾ ਕੰਮ ਕਰਦੇ ਸਨ । ਭਾਈ ਘਨੱਈਆ ਜੀ ਦਾ ਬਚਪਨ ਚੰਗਾ ਖੁਸ਼ਹਾਲ ਬੀਤਿਆ । ਜਰਾ ਵੱਡੇ ਹੋਏ ਤੇ ਘਰੋਂ ਬਾਹਰ ਖੇਡਣ ਜਾਣ ਲੱਗੇ ਤਾਂ ਕਈ ਵਾਰੀ ਜੇਬਾਂ ਵਿੱਚ ਪਈਆਂ ਕੌਡੀਆਂ ਪੈਸੇ ਲੋੜਵੰਦਾਂ ਵਿਚਕਾਰ ਵੰਡ ਆਏ । ਜ਼ਰਾ ਹੋਰ ਵੱਡੇ ਹੋਏ ਤਾਂ ਕਈ ਵਾਰੀ ਰੁਪਏ ਵੀ ਵੰਡ ਆਉਦੇ ।

ਭਾਈ ਘਨੱਈਆ ਜੀ ਜਨਮ ਤੋਂ ਹੀ ਸੰਸਕਾਰੀ ਵੈਰਾਗ ਮੂਰਤ ਸਨ । ਸ਼ੁਰੂ ਤੋਂ ਹੀ ਸਤਿਸੰਗ ਕਰਦੇ ਰਹਿੰਦੇ । ਜਦੋਂ ਜਿੱਥੇ ਕੋਈ ਸਾਧ ਸੰਤ ਆਏ ਸੁਣਦੇ ਤਾਂ ਉਥੇ ਜਾ ਕੇ ਸੇਵਾ ਵਿੱਚ ਜੁੱਟ ਜਾਂਦੇ । ਮਹਾਂਪੁਰਸ਼ਾਂ ਦੀ ਸੰਗਤ ਵਿੱਚ ਬੈਠ ਕੇ ਬਚਨ ਬਿਲਾਸ ਸੁਣਦੇ ।

## ਨੌਜਵਾਨ ਉਮਰ ਵਿੱਚ ਵੈਰਾਗ :

ਨੌਜਵਾਨ ਉਮਰ ਵਿੱਚ ਭਾਈ ਘਨੱਈਆ ਜੀ ਕਈ ਵਾਰ ਘਰ-ਬਾਰ ਤਿਆਗ ਕੇ ਕਈ-ਕਈ ਦਿਨ ਭੁੱਖਿਆਂ ਰਹਿ ਕੇ ਜੰਗਲਾਂ ਵਿੱਚ ਗੁਜ਼ਾਰ ਦਿੰਦੇ । ਉਹ ਅਕਾਲ ਪੁਰਖ ਦੇ ਵੈਰਾਗ ਤੇ ਪਿਆਰ ਵਿੱਚ ਲਗਾਤਾਰ ਕਈ-ਕਈ ਘੰਟੇ ਰੋਂਦੇ ਰਹਿੰਦੇ । ਇੰਝ ਕਈ-ਕਈ ਦਿਨ ਜੰਗਲਾਂ ਵਿੱਚ ਭੁੱਖਿਆਂ ਬਿਤਾ ਕੇ ਤੇ ਵੈਰਾਗ ਵਿੱਚ ਰੋ-ਰੋ ਕੇ ਘਰ ਵਾਪਸ ਪਰਤਦੇ ਤਾਂ ਮਾਪੇ ਉਨ੍ਹਾਂ ਦੀ ਹਾਲਤ ਦੇਖ ਕੇ ਬੜੇ ਚਿੰਤਾਤੁਰ ਹੁੰਦੇ । ਉਹ ਆਪਣੇ ਸਪੁੱਤਰ ਨੂੰ ਕੋਈ ਕੰਮ ਕਰਨ ਲਈ ਆਖਦੇ । ਘਰ ਵਿੱਚ ਖੁੱਭਣ ਤੇ ਜੀ ਲਾਣ ਲਈ ਪ੍ਰੇਰਦੇ ਤੇ ਚੰਗੀ ਮਾਇਆ ਦੇ ਕੇ ਕਿਸੇ ਕਾਰ-ਵਿਹਾਰ ਵਿੱਚ ਮਨ ਲਾਉਣ ਲਈ ਤਰਲੇ ਲੈਂਦੇ । ਪਰ ਭਾਈ ਸਾਹਿਬ ਤਾਂ ਜਦ ਵੀ ਬਾਹਰ ਜਾਂਦੇ ਲੋੜਵੰਦਾਂ ਦਾ ਦੁੱਖ ਤੇ ਦਰਦ ਦੇਖ ਕੇ ਉਨ੍ਹਾਂ ਦਾ ਮਨ ਭਰ ਆਉਂਦਾ । ਗਰੀਬਾਂ ਵਿੱਚ ਰੁਪਏ ਵੰਡ ਦਿੰਦੇ ।

ਜਦ ਔਰੰਗਜ਼ੇਬ ਤਖ਼ਤ ਤੇ ਬੈਠਾ ਤਾਂ ਜ਼ੁਲਮ ਦਾ ਚੱਕਰ ਚੱਲਣ ਲੱਗਾ । ਹਿੰਦੂ

ਜਨਤਾ ਤੇ ਅੱਤਿਆਚਾਰ ਹੋਣ ਲੱਗ ਪਏ । ਚੌਹੀਂ ਪਾਸੀ ਹਾ ਹਾ ਕਾਰ ਮੱਚ ਉੱਠੀ । ਭਾਈ ਘਨੱਈਆ ਜੀ ਹੁਣ ਬਾਲਗ਼ ਹੋ ਚੁੱਕੇ ਸਨ । ਮਜ਼ਲੂਮਾਂ ਨੂੰ ਦੇਖ ਕੇ ਤਰਸ ਆਉਂਦਾ । ਪਰ ਚੂੰਕਿ ਪਿਤਾ ਜੀ ਸ਼ਾਹੀ ਫੌਜਾਂ ਨੂੰ ਰਸਦ ਆਦਿ ਪਹੁੰਚਾਣ ਦੇ ਕਾਰਜ ਦੁਆਰਾ ਉਪਜੀਵਕਾ ਕਰਦੇ ਸਨ ਇਸ ਲਈ ਭਾਈ ਸਾਹਿਬ ਖੁੱਲ੍ਹੇ ਤੌਰ ਤੇ ਗਰੀਬਾਂ ਤੇ ਅਨਾਥਾਂ ਦੀ ਸਹਾਇਤਾ ਨਹੀਂ ਸਨ ਕਰ ਸਕਦੇ । ਲੁੱਕ ਛੁਪ ਕੇ ਸੇਵਾ ਕਰ ਆਉਂਦੇ ।

ਕਦੇ-ਕਦੇ ਬੇਗਾਰ ਵਿੱਚ ਫਤੇ ਹੋਏ ਲੋਕਾਂ ਨੂੰ ਤੱਕ ਕੇ (ਦੇਖ) ਰੋ ਪੈਂਦੇ ਬੇ-ਗਾਰੀਆਂ ਦਾ ਭਾਰ ਆਪ ਚੁੱਕ ਕੇ ਕਈ-ਕਈ ਮੀਲ ਅਗਾਂਹ ਛੱਡ ਆਉਂਦੇ । ਇੰਝ ਕਰਕੇ ਉਨ੍ਹਾਂ ਦੇ ਮਨ ਨੂੰ ਬੜੀ ਖੁਸ਼ੀ ਮਿਲਦੀ । ਪਰ ਜੇ ਮਾਪਿਆਂ ਨੂੰ ਪਤਾ ਲੱਗ ਜਾਂਦਾ ਤਾਂ ਨਾਰਾਜ਼ ਹੁੰਦੇ । ਗੁੱਸੇ ਹੋ ਕੇ ਕਹਿੰਦੇ " ਇੰਝ ਕਰਨ ਨਾਲ ਸਾਡੇ ਘਰ ਦੀ ਬਦਨਾਮੀ ਹੁੰਦੀ ਹੈ । ਤੈਨੂੰ ਇਸ ਤਰ੍ਹਾਂ ਭਾਰ ਚੁੱਕ-ਚੁੱਕ ਨਹੀਂ ਫਿਰਨਾ ਚਾਹੀਦਾ ।" ਮਾਪਿਆਂ ਬੜਾ ਸਮਝਾਣਾ ਪਰ ਉਹ ਬੇਗਾਰੀਆਂ ਦਾ ਭਾਰ ਚੁੱਕਣੋਂ ਨਾ ਹਟੇ । ਜੇ ਉਨ੍ਹਾਂ ਆਖਿਆ ਕਿ ਇੰਝ ਤੂੰ ਬਾਉਲਾ ਲੱਗਦੈ ਤਾਂ ਹੱਸ ਕੇ ਕਹਿਣਾ, " ਤੁਸੀਂ ਇਹੋ ਸਮਝ ਲਉ ਕਿ ਮੈਂ ਤੁਹਾਡਾ ਬਉਲਾ ਪੱਤਰ ਹਾਂ ।" ਚੂੰਕਿ ਭਾਈ ਘਨੱਈਆ ਜੀ ਆਪਣੇ ਮਾਪਿਆਂ ਦੇ ਸਭ ਤੋਂ ਵੱਡੇ ਪੁੱਤਰ ਸਨ । ਇਸ ਲਈ ਮਾਪੇ ਚਾਹੁੰਦੇ ਸਨ ਕਿ ਉਹ ਘਰ ਦੀ ਜਿੰਮੇਵਾਰੀ ਸੰਭਾਲਣ ਤੇ ਪਿਤਾ ਦੇ ਕੰਮ ਵਿੱਚ ਹੱਥ ਵਟਾਉਣ । ਪਰ ਭਾਈ ਸਾਹਿਬ ਦਾ ਮਨ ਤਾਂ ਮਾਇਆ ਤੋਂ ਉਪਰਾਮ ਸੀ, ਸੰਸਾਰ ਦੇ ਆਮ ਲੋਕਾਂ ਵਾਂਗ ਮਾਇਆ ਕਮਾਉਣ ਦੀ ਰੁਚੀ ਨਹੀਂ ਸੀ, ਸਗੋਂ ਪ੍ਰਭੂ ਵੱਲ ਸੁਰਤ ਜੋੜਨ ਵੱਲ ਵਧੇਰੇ ਧਿਆਨ ਜਾਂਦਾ ।

**ਪਿਤਾ ਦੇ ਚਲਾਣੇ ਤੋਂ ਬਾਅਦ :**

ਇਕ ਵਾਰ ਫੇਰ ਮੁੜ ਵੈਰਾਗ ਜਾਗ ਪਿਆ ਤੇ ਭਾਈ ਘਨੱਈਆ ਜੀ ਘਰ ਛੱਡ ਕੇ ਜੰਗਲ ਵੱਲ ਤੁਰ ਪਏ । ਮਨ ਵਿੱਚ ਖੋਹ ਸੀ ਪਰ ਸ਼ਾਂਤੀ ਕਿਧਰੋਂ ਵੀ ਪ੍ਰਾਪਤ ਨਹੀਂ ਸੀ ਹੋ ਰਹੀ । ਕਿਸੇ ਨੇ ਦੱਸ ਪਾਈ ਕਿ ਲਾਹੌਰ ਵਿੱਚ ਕਈ ਮਹਾਂਪੁਰਸ਼ ਹਨ, ਉਥੇ ਜਾਉ ਹੋ ਸਕਦਾ ਹੈ ਕਿ ਤੁਹਾਨੂੰ ਸੁੱਖ ਚੈਨ ਮਿਲ ਜਾਵੇ ।

ਭਟਕਦੇ ਮਨ ਨੂੰ ਸੰਤੋਖ ਦੇਣ ਲਈ ਲਾਹੌਰ ਪਹੁੰਚੇ ਅਜੇ ਮਹਾਂਪੁਰਸ਼ਾਂ ਦੀ ਤਲਾਸ਼ ਵਿੱਚ ਹੀ ਸਨ ਕਿ ਖ਼ਬਰ ਮਿਲੀ ਕਿ ਪਿਤਾ ਜੀ ਅਕਾਲ ਚਲਾਣਾ ਕਰ ਗਏ ਹਨ । ਫੌਰਨ ਘਰ ਪਰਤ ਆਏ ।

ਜੇਠਾ ਪੁੱਤਰ ਹੋਣ ਦੇ ਨਾਤੇ ਘਰ ਦੀ ਜ਼ੁੰਮੇਵਾਰੀ ਉਨ੍ਹਾਂ ਦੇ ਸਿਰ ਆ ਪਈ, ਕੁੱਝ ਦੇਰ ਪਿਤਾ ਦੇ ਕੰਮ ਨੂੰ ਸਾਂਭਿਆ । ਸ਼ਾਹੀ ਫੌਜਾਂ ਨੂੰ ਰਸਦ ਆਦਿ ਪਹੁੰਚਾਣ ਦਾ ਪ੍ਰਬੰਧ ਕਰਦੇ ਰਹੇ । ਪਰ ਸੰਸਾਰਕ ਕੰਮਾਂ ਵਿੱਚ ਰੁਚੀ ਨਾ ਹੋਣ ਕਰਕੇ ਦਿਲ ਇਨ੍ਹਾਂ ਵਿੱਚ ਨਾ ਖੁੱਭਿਆ ।

ਮਹਾਨਕੋਸ਼ ਅਨੁਸਾਰ ਭਾਈ ਸਾਹਿਬ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਇਕ ਅਨਿੰਨ ਸਿੱਖ ਭਾਈ ਨਨੂਆ ਤੋਂ ਗੁਰੂ ਨਾਨਕ ਦੇ ਘਰ ਨਾਲ ਪ੍ਰੇਮ ਜਾਗਿਆ । ਇੰਝ ਸਿੱਖੀ ਦੀ ਲਗਨ ਲੱਗੀ । ਦਿਲ ਅੰਦਰ ਗੁਰੂ ਨਾਨਕ ਦੇਵ ਜੀ ਦੀ ਗੱਦੀ ਉੱਪਰ ਬੈਠੇ ਨੌਵੇਂ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਖਿੱਚ ਪੈਦਾ ਹੋਈ ।

ਸਾਖੀਆਂ ਸ੍ਰੀ ਭਾਈ ਅੱਡਣ ਜੀ ਵਿੱਚ ਲਿਖਿਆ ਹੈ ਕਿ ਭਾਈ ਘਨੱਈਆ ਜੀ ਇਕ ਵਾਰੀ ਕਿਸੇ ਜੰਗਲ ਵਿੱਚ ਇੱਕ ਇਕਾਂਤ ਥਾਂ ਦੇਖ ਕੇ ਉਥੇ ਵਿਚਰਨ ਲੱਗ ਪਏ । ਪਰਮਾਤਮਾ ਵੱਲ ਸੁਰਤ ਜੋੜ ਕੇ ਵੈਰਾਗ ਵਿੱਚ ਤੜਫਨ ਲੱਗੇ । ਕਹਿੰਦੇ ਹਨ ਕਿ ਤੀਹ ਕੁ

ਦਿਨ ਇਸੇ ਹਾਲਤ ਵਿੱਚ ਬਿਤਾਏ ਤਾਂ ਅਕਾਸ਼ਬਾਣੀ ਹੋਈ ਗੁਰੂ ਨਾਨਕ ਸਾਹਿਬ ਦੀ ਨੌਵੀਂ ਜੋਤ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕਰੋ ਤੇ ਉਨ੍ਹਾਂ ਦਾ ਸਤਿਸੰਗ ਪ੍ਰਾਪਤ ਕਰੋ ।

ਖ਼ੈਰ ! ਜਿਵੇਂ ਵੀ ਉਨ੍ਹਾਂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦਾ ਪਤਾ ਲੱਗਾ ਉਹ ਸ਼੍ਰੀ ਆਨੰਦਪੁਰ ਵੱਲ ਤੁਰ ਪਏ । ਮਾਇਆ ਦਾ ਜਿਵੇਂ ਅਸਲੋਂ ਹੀ ਤਿਆਗ ਹੋ ਗਿਆ ਹੋਵੇ । ਜੰਗਲ ਚੀਰਦੇ, ਮੈਦਾਨਾਂ ਵਿੱਚੋਂ ਲੰਘਦੇ ਤੇ ਨਦੀਆਂ ਨਾਲੇ ਟੱਪਦੇ ਉਹ ਥਾਈਂ -ਥਾਈਂ ਰਾਤ ਵੇਲੇ ਪੜਾਅ ਕਰਦੇ ਹੋਏ ਤੇ ਦਿਨੇ ਪੈਂਡਾ ਮੁਕਾਂਦੇ ਹੋਏ ਆਨੰਦਪੁਰ ਵੱਲ ਵਧਦੇ ਗਏ । ਬਸ ਇਕੋ ਲਗਨ ਸੀ ਤੇ ਉਹ ਸੀ :

ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥

ਉਧਰ ਜਿਨ੍ਹਾਂ ਅਹਿਲਕਾਰਾਂ ਰਾਹੀਂ ਭਾਈ ਸਾਹਿਬ ਸ਼ਾਹੀ ਫੌਜਾਂ ਨੂੰ ਰਾਸ਼ਨ ਆਦਿ ਪਹੁੰਚਾਉਂਦੇ ਸਨ ਉਨ੍ਹਾਂ ਇੱਕ ਸੂਬੇਦਾਰ ਨੇ ਬੜੀ ਪੁੱਛ-ਤਾਛ ਕੀਤੀ ਤੇ ਭਾਈ ਸਾਹਿਬ ਦੀ ਚਾਰ ਚੁਫੇਰਿਉਂ ਬਹੁਤ ਭਾਲ ਕੀਤੀ । ਕਿਸੇ ਨੇ ਸੂਬੇਦਾਰ ਨੂੰ ਪੁੱਛਿਆ ਕਿ ਉਹ ਭਾਈ ਘਨੱਈਆ ਜੀ ਦੀ ਇਤਨੀ ਤਲਾਸ਼ ਕਿਉਂ ਕਰ ਰਹੇ ਸਨ ? ਸੂਬੇਦਾਰ ਨੇ ਉੱਤਰ ਦਿੱਤਾ ਕਿ ਮੈਂ ਉਸ ਦਾ ਦੀਦਾਰ ਕਰਨਾ ਚਾਹੁੰਦਾ ਹਾਂ ਜਿਸ ਨੇ ਮਾਇਆ ਜੈਸੀ ਸਰਪਨੀ ਤੋਂ ਆਪਣੇ ਆਪਨੂੰ ਛੁਡਾ ਲਿਆ ਹੈ ਅਤੇ ਵਿਸ਼ੇ-ਵਿਕਾਰਾਂ ਉੱਪਰ ਮਨ ਤੇ ਕਾਬੂ ਪਾ ਲਿਆ ਹੈ । ਉਸ ਨੂੰ ਅਲਾਹ ਨੇ ਕੋਈ ਵੱਡੀ ਤਾਕਤ ਬਖਸ਼ੀ ਹੈ ।

ਪਰਚੀਆਂ ਸ਼੍ਰੀ ਭਾਈ ਕਨੱਯਾ ਜੀ ਵਿੱਚ ਲਿਖਿਆ ਹੈ ਕਿ ਆਨੰਦਪੁਰ ਸਾਹਿਬ ਪਹੁੰਚਣ ਤੱਕ ਭਾਈ ਸਾਹਿਬ ਦਾ ਕਈ ਤਰ੍ਹਾਂ ਦੇ ਵਿਅਕਤੀਆਂ ਨਾਲ ਮਿਲਾਪ ਹੋਇਆ ਤੇ ਅਨੇਕਾਂ ਪ੍ਰਕਾਰ ਦੇ ਬਚਨ ਬਿਲਾਸ ਹੁੰਦੇ ਰਹੇ । ਇੰਨ੍ਹਾਂ ਸਾਖੀਆਂ ਵਿੱਚੋਂ ਕੋਈ ਨਾ ਕੋਈ ਸਿੱਖਿਆ ਜ਼ਰੂਰ ਮਿਲਦੀ ਹੈ । ਬਹੁਤੀਆਂ ਸਾਖੀਆਂ ਇੱਥੇ ਲਿਖੀਆਂ ਤਾਂ ਲੇਖ ਬਹੁਤ ਲੰਮਾ ਹੋ ਜਾਣ ਦਾ ਡਰ ਹੈ ਕੇਵਲ ਇੱਕ ਦੋ ਹੀ ਘਟਨਾਵਾਂ ਤੇ ਭਾਈ ਸਾਹਿਬ ਦੀ ਕੁਝ ਪ੍ਰੇਮੀਆਂ ਨਾਲ ਵਾਰਤਾਲਾਪ ਦੇ ਨਮੂਨੇ ਦਿੰਦੇ ਹਾਂ :

ਜੰਗਲਾਂ ਵਿੱਚ ਭਟਕਦੇ ਤੇ ਪਿੰਡਾਂ ਵਿੱਚੋਂ ਲੰਘਦੇ ਹੋਏ ਭਾਈ ਸਾਹਿਬ ਨੂੰ ਇੱਕ ਪ੍ਰੇਮੀ ਸਿੱਖ ਮਿਲਿਆ । ਉਸ ਕੋਲੋਂ ਉਨ੍ਹਾਂ ਗੋਬਿੰਦ ਪਾਉਣ ਦੀ ਵਿਧੀ ਪੁੱਛੀ ਸਿੱਖ ਨੇ ਉੱਤਰ ਦਿੱਤਾ ਕਿ ਉਸ ਕੋਲ ਕੋਈ ਐਸਾ ਨੁਸਖਾ ਨਹੀਂ ਹੈ । ਜੋ ਪਰਮਾਤਮਾ ਮਿਲਾ ਦੇਵੇ ਉਸ ਨੇ ਕਿਹਾ, "ਪਰ ਇਕ ਸਮਝ ਦੱਸਦਾ ਹਾਂ ਗੋਬਿੰਦ ਪਾਵਨੇ ਕੀ । ਗੋਬਿੰਦ ਕਾ ਮੇਲਾ ਗੋਬਿੰਦ ਲੋਕਾਂ ਕੋ ਮਿਲ ਕਰ ਹੋਵੇਗਾ । ਗੋਬਿੰਦ ਲੋਕ ਨਗਰ ਅਰ ਮਨੁੱਖੋਂ ਮੇ ਹੋਤੇ ਹੈ ।" ਤੁਸੀਂ ਲੋਕਾਂ ਵਿੱਚ ਤਾਂ ਜਾਂਦੇ ਨਹੀਂ ਸੋਨਾ ਰਾਖ ਵਿੱਚ ਪਇਆ ਹੈ, ਰਾਖ ਸੁੱਟਣ ਨਾਲ ਸੋਨਾ ਵੀ ਖੁਸ ਜਾਂਦਾ ਹੈ । ਭਾਈ ਘਨੱਈਆ ਜੀ ਇਸ ਵਾਰਤਾਲਾਪ ਤੋਂ ਬਾਅਦ ਜੰਗਲ ਛੱਡ ਕੇ ਨਗਰਾਂ ਤੇ ਪਿੰਡਾਂ ਵਿੱਚ ਵਿਚਰਣ ਲੱਗੇ ।

ਇੱਕ ਵਾਰੀ ਭਾਈ ਸਾਹਿਬ ਇੱਕ ਧਰਮਸਾਲ ਵਿੱਚ ਰਾਤ ਕੱਟਣ ਲਈ ਜਾ ਟਿਕੇ । ਉਥੇ ਇੱਕ ਟਹਿਲੂਏ ਨੂੰ ਕੌੜੇ ਬਚਨ ਬੋਲਦੇ ਤੱਕਿਆ । ਭਾਈ ਸਾਹਿਬ ਨੇ ਉਸ ਕੋਲੋਂ ਪੀਣ ਲਈ ਪਾਣੀ ਮੰਗਿਆ ਤਾਂ ਉਹ ਕੁਬੋਲ ਬੋਲਣ ਲੱਗ ਪਿਆ । ਪਰ ਭਾਈ ਘਨੱਈਆ ਜੀ ਪਾਣੀ ਮੰਗਦੇ ਹੀ ਰਹੇ ਟਹਿਲੂਆ ਭਾਈ ਸਾਹਿਬ ਨੂੰ ਕੌੜੇ ਬਚਨ ਬੋਲਦਾ ਹੀ ਰਿਹਾ, ਪਰ ਉਸ ਦੀ ਮਾਤਾ ਨੇ ਭਾਈ ਜੀ ਨੂੰ ਪਾਣੀ ਪਿਲਾਇਆ । ਉਥੇ ਕੋਈ ਇਹ ਸਭ ਦੇਖ ਸੁਣ ਰਿਹਾ ਸੀ । ਪੁੱਛਣ ਲੱਗਾ, " ਇਤਨੀ ਨਿਰਾਦਰੀ ਕਿਉਂ ਝੱਲੀ ਜੇ ? ਪਾਣੀ ਕਿਤੇ ਹੋਰ ਪੀ ਲੈਂਦੇ । " ਭਾਈ ਸਾਹਿਬ ਨੇ ਉੱਤਰ ਦਿੱਤਾ ਕਿ ਪਾਣੀ ਤਾਂ ਕਿਧਰੋਂ ਹੋਰ ਥਾਂ

ਤੋਂ ਵੀ ਪੀਤਾ ਜਾ ਸਕਦਾ ਸੀ । ਪਰ ਜੇ ਇਥੋਂ ਪੀਤੇ ਬਗੈਰ ਚਲਾ ਜਾਂਦਾ ਹੈ ਤਾਂ ਮਨ ਦੁਖੀ ਤੇ ਹਿਰਦਾ ਤਪਦਾ ਹੋਣਾ ਸੀ ਤੇ ਇਸ ਟਹਿਲੂਏ ਤੇ ਦੋਸ਼ ਆਉਣਾ ਸੀ । ਇਹ ਭੀ ਹੋ ਸਕਦਾ ਹੈ ਕਿ ਮਨ ਵਿੱਚੋਂ ਇਸ ਲਈ ਕੋਈ ਭੈੜੇ ਬਚਨ ਨਿਕਲ ਜਾਂਦੇ । ਹੁਣ ਜਦ ਕਿ ਪਾਣੀ ਪੀ ਲਿਆ ਹੈ ਤਾਂ ਮਨ ਦਾ ਧਿਆਨ ਪਾਣੀ ਵੱਲ ਨਹੀਂ ਰਿਹਾ ਕਿਉਂਕਿ ਪਿਆਸ ਬੁੱਝ ਗਈ ਹੈ । ਹੁਣ ਤਾਂ ਧਰਮਸ਼ਾਲ ਵਾਲਿਆਂ ਲਈ ਮਨ ਤੋਂ ਅਸੀਸ਼ਾਂ ਹੀ ਨਿਕਲ ਰਹੀਆਂ ਹਨ।

ਗੁਰੂ ਘਰ ਦੇ ਅਨਿੰਨ ਭਗਤ ਭਾਈ ਨਨੂਆ ਜੀ ਨੇ ਪਹਿਲਾਂ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਮਿਲ ਕੇ ਤਪਦਾ ਮਨ ਠਾਰਨ ਲਈ ਪ੍ਰੇਰਿਆ ਸੀ । ਹੁਣ ਇਕ ਹੋਰ ਸਿੱਖ ਨਾਲ ਮੁਲਾਕਾਤ ਹੋ ਗਈ ਜੋ ਕਿ ਗੁਰੂ ਦੇ ਰੰਗ ਵਿੱਚ ਰੰਗਿਆ ਹੋਇਆ ਸੀ । ਭਾਈ ਸਾਹਿਬ ਨੇ ਆਪਣੇ ਮਨ ਦੀ ਹਾਲਤ ਉਸ ਅੱਗੇ ਬਿਆਨ ਕੀਤੀ ਤਾਂ ਗੁਰਸਿੱਖ ਨੇ ਕਿਹਾ ਕਿ ਤੁਸਾਂ ਗ੍ਰਿਹਸਤ ਦਾ ਤਿਆਗ ਜਰੂਰ ਕੀਤਾ ਹੈ ਪਰ ਸੱਚੀ ਬੁੱਧ ਦਾ ਵੀਚਾਰ ਨਹੀਂ ਕੀਤਾ ਜਿਸ ਤੋਂ ਬਿਨਾਂ ਜਨਮ-ਮਰਨ ਦਾ ਗੇੜ ਖ਼ਤਮ ਨਹੀਂ ਹੁੰਦਾ ਭਾਈ ਸਾਹਿਬ ਨੇ ਇਹ ਪੁੱਛਿਆ ਕਿ ਅਬਿਨਾਸ਼ੀ ਖੇਮ ਕਿੱਥੇ ਮਿਲ ਸਕਦਾ ਹੈ ? ਗੁਰਸਿੱਖ ਨੇ ਜੋ ਉੱਤਰ ਦਿੱਤਾ ਉਹ ਬਹੁਤ ਹੀ ਦਿਲਚਸਪ ਹੈ। ਉਸ ਕਿਹਾ: ਅਸਲ ਪ੍ਰਸੰਨਤਾ ਲੈਣ ਵਿੱਚ ਨਹੀਂ ਦੇਣ ਵਿੱਚ ਹੈ ਵਾਹਿਗੁਰੂ ਨੇ ਆਪ ਵਿੱਚ ਬੀਜ ਪਾਇਆ ਹੈ, ਇਸ ਨੂੰ ਸੇਵਾ ਦਾ ਜਲ ਦਿਉ । ਭਾਈ ਸਾਹਿਬ ਨੇ ਇਕ ਹੋਰ ਪ੍ਰਸ਼ਨ ਕੀਤਾ: ਕੀ, ਕੋਈ ਐਸਾ ਫਕੀਰ ਹੈ ਜੋ ਇਸ ਬੀਜ ਨੂੰ ਪ੍ਰਸੰਨਤਾ ਦਾ ਫਲ ਦੇਵੇ ? ਗੁਰਸਿੱਖ ਨੇ ਬੜਾ ਭਾਵਪੂਰਤ ਉੱਤਰ ਦਿੱਤਾ : ਸਭ ਥਾਵਾਂ ਇੱਕ ਸਮਾਨ ਹਨ । ਸੁੱਖ-ਦੁੱਖ ਰਿਦੈ ਕੀ ਬੂਝ ਮਹਿ ਹੈ । ਉਸ ਨੇ ਕਿਹਾ ਕਿ, ''ਘਟ ਘਟ ਮਹਿ ਰਮਤਾ ਰਾਮ ਹੈ। ਪਰ ਫਿਰ ਵੀ ਜੇ ਫਕੀਰ ਦੇਖਣਾ ਹੈ ਤਾਂ ਆਨੰਦਪੁਰ ਜਾਵੋ ।''

**ਸ਼੍ਰੀ ਗੁਰੂ ਤੇਗ ਬਹਾਦਰ ਜੀ ਨਾਲ ਮਿਲਾਪ :**

ਆਖਿਰ ਭਾਈ ਘਨੱਈਆ ਜੀ ਸ੍ਰੀ ਆਨੰਦਪੁਰ ਦੇ ਅਸਲ ਟਿਕਾਣੇ ਤੇ ਪਹੁੰਚ ਗਏ । ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਦਰਸ਼ਨ ਕੀਤੇ,ਚਰਨ ਪਰਸੇ । ਮਨ ਗਦ-ਗਦ ਹੋ ਗਿਆ । ਪ੍ਰਿੰਸੀਪਲ ਸਤਿਬੀਰ ਸਿੰਘ ਦੇ ਕਥਨ ਅਨੁਸਾਰ : ਆਪ ਜੀ ਨੂੰ ਆਉਂਦਿਆਂ ਹੀ ਪਾਣੀ ਦਾ ਘੜਾ ਭਰ ਕੇ ਲਿਆਉਣ ਲਈ ਕਿਹਾ ਗਿਆ । ਭਾਈ ਸਾਹਿਬ ਜਦ ਪਾਣੀ ਲੈ ਆਏ ਤਾਂ ਗੁਰੂ ਸਾਹਿਬ ਨੇ ਹੱਥ ਧੋ ਕੇ ਬਾਕੀ ਸਾਰਾ ਪਾਣੀ ਡੋਲ੍ਹ ਦਿੱਤਾ ਅਤੇ ਹੋਰ ਪਾਣੀ ਦਾ ਘੜਾ ਭਰ ਕੇ ਲਿਆਣ ਲਈ ਕਿਹਾ ਗਿਆ । ਉਹ ਭਰ ਲਿਆਏ । ਗੁਰੂ ਮਹਾਰਾਜ ਨੇ ਐਤਕੀਂ ਆਪਣੇ ਚਰਨ ਧੋ ਕੇ ਬਾਕੀ ਦਾ ਡੋਲ੍ਹ ਦਿੱਤਾ । ਦੂਜੇ ਦਿਨ ਫਿਰ ਇੰਝ ਹੀ - ਤੇ ਇੰਝ ਤਿੰਨ ਮਹੀਨੇ ਹੁੰਦਾ ਰਿਹਾ ।

ਗੁਰੂ ਸਾਹਿਬ ਇੱਕ ਬੜਾ ਵੱਡਾ ਇਮਤਿਹਾਨ ਲੈ ਰਹੇ ਸਨ । ਜੇ ਅੱਜ ਭਾਈ ਘਨੱਈਆ ਨੂੰ ਗੁਰੂ ਜੀ ਦਾ ਇੰਝ ਪਾਣੀ ਡੋਲਣ੍ਹਾ ਨਾ ਭਾਉਂਦਾ ਤਾਂ ਉਹ ਮੈਦਾਨਿ-ਜੰਗ ਵਿੱਚ ਸਭ ਨੂੰ ਇੱਕ ਦ੍ਰਿਸ਼ਟੀ ਨਾਲ ਦੇਖ ਕੇ ਪਾਣੀ ਨਾ ਪਿਲਾ ਸਕਦਾ । ਭਾਈ ਸਾਹਿਬ ਨੇ ਨਾ ਕੋਈ ਉਜ਼ਰ ਕੀਤਾ ਤੇ ਨਾ ਹੀ ਕੋਈ ਗੁੱਸਾ-ਗਿੱਲਾ । ਮੱਥੇ ਤੇ ਵੱਟ ਤੱਕ ਨਹੀਂ ਪਾਇਆ, ਹਰ ਰੋਜ਼ ਸਤਿਬਚਨ ਕਹਿ ਕੇ ਲਿਆਂਦੇ ਰਹੇ ।

ਇਸ ਦੌਰਾਨ ਹੀ ਗੁਰੂ ਸਾਹਿਬ ਨੇ ਲੰਗਰ ਲਈ ਪਾਣੀ ਲਿਆਉਣ ਦੀ ਸੇਵਾ ਵੀ ਲਾ ਦਿੱਤੀ । ਮਹਾਨ ਕੋਸ਼ ਵਿੱਚ ਲਿਖਿਆ ਹੈ ਕਿ ਭਾਈ ਘਨੱਈਆ ਜੀ ਲੰਗਰ ਲਈ ਜਲ ਢੋਣ ਦੀ ਸੇਵਾ ਕੀਤਾ ਕਰਦੇ ਸਨ ।

ਇੰਝ ਭਾਈ ਸਾਹਿਬ ਨੂੰ ਹਰ ਰੋਜ਼ ਜਲ ਢੋਣ ਦਾ ਚੰਗਾ ਅਭਿਆਸ ਹੋ ਗਿਆ ।

ਕਦੇ ਗੁਰੂ ਜੀ ਲਈ ਜਲ ਲਿਆ ਰਹੇ ਹਨ ਕਦੇ ਲੰਗਰ ਪਕਾਉਣ ਲਈ ਜਲ ਢੋ ਰਹੇ ਹਨ ਤੇ ਕਦੇ ਲੰਗਰ ਵਿੱਚ ਬੈਠੀਆਂ ਸੰਗਤਾਂ ਦੀ ਜਾਂ ਗੁਰੂ ਦੇ ਦਰਬਾਰ ਵਿੱਚ ਜੁੜੀਆਂ ਸੰਗਤਾਂ ਨੂੰ ਜਲ ਪਿਲਾਣ ਦੀ ਸੇਵਾ ਕਰਦੇ । ਇੰਝ ਉਹ 'ਗੁਰੂ ਕੀ ਖ਼ੁਸ਼ੀ' ਦੇ ਨਾਲ-ਨਾਲ ਸਿੱਖ ਸੰਗਤਾਂ ਦੀਆਂ ਅਸੀਸਾਂ ਵੀ ਲੈਂਦੇ ।

ਕੁਝ ਚਿਰ ਮਗਰੋਂ ਭਾਈ ਘਨੱਈਆ ਜੀ ਨੂੰ ਇੱਕ ਹੋਰ ਸੇਵਾ ਵੀ ਦਿੱਤੀ ਗਈ, ਉਹ ਸੀ ਗੁਰੂ ਜੀ ਦੇ ਘੋੜਿਆ ਦੀ ਦੇਖ-ਭਾਲ ਕਰਨੀ । ਪਾਣੀ ਢੋਣ ਤੋਂ ਜਿਸ ਵੇਲੇ ਵਿਹਲੇ ਹੁੰਦੇ ਉਹ ਫਿਰ ਆਮ ਤੌਰ ਤੇ ਤਬੇਲੇ ਵਿੱਚ ਹੀ ਰਹਿੰਦੇ । ਘੋੜਿਆਂ ਦੀ ਸੇਵਾ ਬੜੇ ਪ੍ਰੇਮ ਨਾਲ ਕਰਦੇ ।

ਭਾਈ ਸਾਹਿਬ ਘੋੜਿਆਂ ਲਈ ਘਾਹ ਦਾਨਾ ਲਿਆਂਦੇ । ਉਨ੍ਹਾਂ ਦੀ ਲਿੱਦ ਇਕੱਠੀ ਕਰਦੇ ਉਨ੍ਹਾਂ ਨੂੰ ਖਰਖਰਾ ਕਰਦੇ ਤੇ ਨੁਹਾਣ ਆਦਿ ਦੀ ਸੇਵਾ ਕਰਦੇ । ਪਾਣੀ ਢੋਂਦਿਆਂ ਤੇ ਘੋੜਿਆਂ ਦੀ ਸੇਵਾ ਕਰਦਿਆਂ ਉਹ ਹਰ ਵੇਲੇ ਸੱਚੇ ਪਾਤਸ਼ਾਹ ਦੇ ਚਰਨ ਕੰਵਲਾਂ ਦਾ ਧਿਆਨ ਧਰ ਕੇ ਗੁਰੂ ਗੁਰੂ ਜਪਦੇ ਰਹਿੰਦੇ ।

ਭਾਈ ਘਨੱਈਆ ਜੀ ਸਵੇਰੇ ਸ਼ਾਮ ਸਤਿਸੰਗ ਵਿੱਚ ਜੁੜਕੇ ਗੁਰਬਾਣੀ ਦਾ ਕੀਰਤਨ ਸੁਣਦੇ । ਸ੍ਰੀ ਗੁਰੂ ਜੀ ਦੇ ਬਚਨ ਸੁਣਦੇ । ਫਿਰ ਸਾਰਾ ਦਿਨ ਸੇਵਾ ਵਿੱਚ ਮਸਰੂਫ਼ ਰਹਿੰਦੇ ।

ਲੰਗਰ ਵਿੱਚ ਤਬੇਲੇ ਵਿੱਚ ਭਾਵੇਂ ਹੋਰ ਭੀ ਕਈ ਸਿੱਖ ਸੇਵਕ ਵੱਖ-ਵੱਖ ਪ੍ਰਕਾਰ ਦੀ ਸੇਵਾ ਕਰਦੇ ਸਨ । ਪਰ ਭਾਈ ਘਨੱਈਆ ਜੀ ਦੀ ਸ਼ਰਧਾ ਤੇ ਵੈਰਾਗ ਨੂੰ ਉਨ੍ਹਾਂ ਨੂੰ ਸੇਵਾ ਵਿੱਚ ਕੁੱਝ ਐਸਾ ਆਨੰਦ ਦਿੱਤਾ ਕਿ ਉਹ ਆਪਣੀ ਸੁੱਧ-ਬੁੱਧ ਭੁੱਲ ਕੇ ਰਾਤ-ਦਿਨ ਗੁਰੂ ਜੀ ਦੇ ਚਰਨਾਂ ਦਾ ਧਿਆਨ ਰੱਖ ਕੇ ਮਸਤ ਰਹਿੰਦੇ ।

ਸ੍ਰੀ ਗੁਰੂ ਤੇਗ ਬਹਾਦਰ ਜੀ ਭਾਈ ਘਨੱਈਆ ਜੀ ਦੀ ਸੇਵਾ ਤੇ ਸ਼ਰਧਾ ਦੇਖਕੇ ਬਹੁਤ ਪ੍ਰਸੰਨ ਸਨ । ਕਦੇ-ਕਦੇ ਸੱਚੇ ਪਾਤਸ਼ਾਹ ਜਦ ਤਬੇਲੇ ਵਿੱਚ ਜਾਂਦੇ ਤਾਂ ਭਾਈ ਘਨੱਈਆ ਜੀ ਗੁਰੂ ਮਹਾਰਾਜ ਦੇ ਦਰਸ਼ਨ ਕਰਕੇ ਗਦ-ਗਦ ਹੋ ਜਾਂਦੇ । ਇੰਝ ਨੇੜਿਓਂ ਦਰਸ਼ਨ ਕਰਕੇ ਤੇ ਸ੍ਰੀ ਗੁਰੂ ਚਰਨ ਕੰਵਲਾਂ ਨੂੰ ਆਪਣੇ ਮੱਥੇ ਨਾਲ ਛੋਹ ਕੇ ਭਾਈ ਸਹਿਬ ਨੂੰ ਕਈ-ਕਈ ਦਿਨ ਸਰੂਰ ਚੜ੍ਹਿਆ ਰਹਿੰਦਾ । ਉਹ ਧੰਨ ਗੁਰੂ ਧੰਨ ਗੁਰੂ ਦੀ ਧੁੰਨ ਲਾਈ ਰੱਖਦੇ ਅਤੇ ਇਸ ਉਡੀਕ ਵਿੱਚ ਰਹਿੰਦੇ ਕਿ ਮੁੜ ਕਦੋ ਸਤਿਗੁਰੂ ਜੀ ਆ ਕੇ ਦਰਸ਼ਨ ਦੇਣਗੇ ।

ਇੰਝ ਵੱਖ-ਵੱਖ ਸੇਵਾ ਕਰਦੇ ਦਿਨ ਬੀਤਦੇ ਗਏ । ਇਕ ਦਿਨ ਭਾਈ ਘਨੱਈਆ ਜੀ ਘੋੜਿਆਂ ਨੂੰ ਘਾਹ ਦਾਨਾ ਪਾਣ ਵਿੱਚ ਮਸਤ ਸਨ। ਤਬੇਲੇ ਵਿੱਚ ਹੋਰ ਕੋਈ ਸਿੱਖ ਸੇਵਕ ਨਹੀਂ ਸੀ-" ਹਥ ਕਾਰ ਵੱਲ ਤੇ ਚਿਤ ਯਾਰ ਵੱਲ" ਵਾਲੀ ਅਵਸਥਾ ਵਿੱਚ ਵਿਚਰਦੇ ਹੋਏ ਭਾਈ ਸਾਹਿਬ ਦਿਲੋਂ ਤਾਂ ਗੁਰੂ ਗੁਰੂ ਜਪ ਰਹੇ ਸਨ ਤੇ ਹੱਥੀਂ ਘੋੜਿਆਂ ਨੂੰ ਥਪਕਕੇ ਨਹੀਂ ਸਨ ਥੱਕਦੇ । ਭਾਈ ਜੀ ਘੋੜਿਆਂ ਤੇ ਹੱਥ ਫੇਰਦੇ ਉਸ ਘੋੜੇ ਕੋਲ ਪਹੁੰਚੇ ਜਿਸ ਦੀ ਗੁਰੂ ਜੀ ਸਵਾਰੀ ਕਰਦੇ ਸਨ । ਉਸ ਨੂੰ ਪਿਆਰ ਨਾਲ ਕਹਿਣ ਲੱਗੇ

" ਧੰਨ ਹੈਂ ਤੂੰ ਜੋ ਗੁਰੂ ਜੀ ਨੂੰ ਆਪਣੀ ਪਿੱਠ ਤੇ ਬਿਠਾ ਕੇ ਜਿੱਥੇ ਉਹ ਚਾਹੁੰਦੇ ਹਨ ਲੈ ਜਾਂਦਾ ਹੈਂ ।"..........

ਘੋੜਿਆਂ ਦੀ ਸੇਵਾ ਵਿੱਚ ਇੰਝ ਮਸਤ ਸਨ ਕਿ ਅਚਾਨਕ ਗੁਰੂ ਮਹਾਰਾਜ ਉਥੇ ਆ ਗਏ ਭਾਈ ਘਨੱਈਆ ਜੀ ਦਰਸ਼ਨ ਕਰਕੇ ਨਿਹਾਲ-ਨਿਹਾਲ ਹੋ ਗਏ । ਉਨ੍ਹਾਂ ਮੱਥਾ ਟੇਕਿਆ । ਗੁਰੂ ਜੀ ਨੇ ਪਿੱਠ ਤੇ ਥਾਪੜਾ ਦਿੱਤਾ । ਭਾਈ ਸਾਹਿਬ ਨੇ ਇੰਝ ਮਹਿਸੂਸ ਕੀਤਾ

ਜਿਵੇਂ ਸਾਰੇ ਸ਼ਰੀਰ ਵਿੱਚ ਝਿਰਨਾਟ ਛਿੜ ਗਈ ਹੋਵੇ । ਵੈਰਾਗ ਵਿੱਚ ਆਕੇ ਭਾਈ ਜੀ ਰੋਣ ਲੱਗ ਪਏ ਮੁੜ ਚਰਨੀਂ ਢਹਿ ਪਏ । ਗੁਰੂ ਜੀ ਨੇ ਚੁੱਕ ਕੇ ਉੱਪਰ ਉਠਾਇਆ । ਧਰਵਾਸ ਦਿੱਤਾ । ਭਾਈ ਜੀ ਨੇ ਗਲ ਵਿੱਚ ਪੱਲਾ ਪਾ ਕੇ ਹੱਥ ਜੋੜਕੇ ਪ੍ਰੇਮ ਸਹਿਤ ਬੇਨਤੀ ਕੀਤੀ, ਕਿ "ਬਖਸ਼ਿਸ਼ ਕਰੋ ਤੇ ਜਨਮ ਮਰਨ ਨਿਵਾਰ ਦਿਓ ।"

ਮਿਹਰਾਂ ਦੇ ਘਰ ਆ ਕੇ ਗੁਰੂ ਜੀ ਨੇ ਗਲ ਨਾਲ ਲਾਇਆ ਤੇ ਨਿਹਾਲੋ- ਨਿਹਾਲ ਕਰ ਦਿੱਤਾ । ਮਨ ਸ਼ਾਂਤ ਹੋ ਗਿਆ । ਅੰਦਰ ਖੇੜਾ ਆ ਗਿਆ । ਅੱਖਾਂ ਵਿੱਚ ਚਮਕ ਤੇ ਚਿਹਰੇ ਤੇ ਨੂਰ ਆ ਗਿਆ ।

ਗੁਰੂ ਮਹਾਰਾਜ ਨੇ ਪ੍ਰਸੰਨ ਹੋ ਕੇ ਫੁਰਮਾਇਆ-"ਭਾਈ ਜੀ ! ਤੁਹਾਡੀ ਸੇਵਾ ਥਾਇ ਪਈ ਹੈ । ਤੁਸਾਂ ਹੁਣ ਇਥੇ ਨਹੀਂ ਰਹਿਣਾ । ਜਾਉ ਆਪ ਨਾਮ ਜਪੋ ਤੇ ਹੋਰਾਂ ਨੂੰ ਜਪਾਓ -

ਸਭ ਮਹਿ ਜੋਤਿ ਜੋਤਿ ਹੈ ਸੋਇ ॥

ਵਾਲੀ ਦ੍ਰਿਸ਼ਟੀ ਨਾਲ ਸਭ ਵਿੱਚ ਵਾਹਿਗੁਰੂ ਦੀ ਜੋਤ ਜਾਣੋ । ਹਰ ਇਕ ਦੀ ਲੋੜ ਅਨੁਸਾਰ ਸੇਵਾ ਕਰੋ । ਨਾਮ ਤੇ ਬਾਣੀ ਦਾ ਪ੍ਰਚਾਰ ਕਰੋ ਤੇ ਗੁਰੂ ਨਾਨਕ ਦੇ ਘਰ ਤੋਂ ਖੁਸ਼ੀਆਂ ਲਉ ।"

**ਆਨੰਦਪੁਰ ਸਾਹਿਬ ਤੋਂ ਕਵੇਹ ਡੇਰਾ :**

ਗੁਰੂ ਮਹਾਰਾਜ ਦਾ ਹੁਕਮ ਸੁਣਕੇ ਸਿਰ ਝੁਕਾਇਆ । ਗੁਰੂ ਜੀ ਨੇ ਭਾਈ ਜੀ ਵੱਲ ਤੱਕਿਆ ਤਾਂ ਨਦਰੀ ਨਦਰ ਨਿਹਾਲ ਕਰ ਦਿੱਤਾ । ਉਸ ਸਮੇਂ ਦੇਹੀ ਸ਼ਾਂਤ-ਚਿਤ ਹੋ ਗਈ । ਸਰੀਰ ਮਹਿ ਅਸਰੀਰ ਭਾਸ ਆਇਆ ।

ਸਤਿਗੁਰਾਂ ਬਚਨ ਕੀਤਾ ਕਿ " ਇਹ ਦਾਤ ਭਰੋਸਗੀ ਦੀ ਤੁਹਾਨੂੰ ਮਿਲੀ ਹੈ ਹੋਰਨਾਂ ਨੂੰ ਵੀ ਵੰਡੋਂ ।"

ਭਾਈ ਸਾਹਿਬ ਨੇ ਬੇਨਤੀ ਕੀਤੀ-"ਆਪਣੇ ਚਰਨਾਂ ਵਿੱਚ ਹੀ ਰੱਖੋਂ ।"

ਪਰ ਗੁਰੂ ਜੀ ਨੇ ਫਰਮਾਇਆ -"ਗੁਰੂ ਵਸਤੂ ਬਿਬੇਕ ਹੈ । ਬਿਬੇਕ ਸਹਿਤ ਜੋ ਕਰਮ ਕਰਨੇ ਹਨ ਇਹ ਹੀ ਗੁਰੂ ਚਰਨਾਂ ਪਾਸ ਰਹਿਣ ਤੁੱਲ ਹੈ । ਕਿਸੇ ਦਾ ਹਿਰਦਾ ਪ੍ਰਸੰਨ ਕਰਨਾ, ਕਿਸੇ ਨੂੰ ਗੁਰਮਤਿ ਦੇ ਰਾਹ ਤੇ ਤੋਰਨਾ ਇਹ ਹੀ ਗੁਰੂ ਸੇਵਾ ਹੈ ।"

ਹੁਕਮ ਦੀ ਪਾਲਣਾ ਕਰਦੇ ਹੋਏ ਭਾਈ ਸਾਹਿਬ ਨੇ ਗੁਰੂ ਜੀ ਪਾਸੋਂ ਆਗਿਆ ਲਈ ਪੱਛਮ ਵੱਲ ਤੁਰ ਪਏ । ਕਈ ਸ਼ਹਿਰਾਂ ਤੇ ਪਿੰਡਾਂ ਵਿੱਚੋਂ ਲੰਘਦੇ ਤੇ ਕਈ ਥਾਈਂ ਟਿਕਾਣੇ ਕਰਦੇ ਹੋਏ ਆਪ ਸਹਿਜੇ-ਸਹਿਜੇ ਅੱਗੇ ਤੁਰੀ ਗਏ । ਜਿੱਥੇ ਰੁਕਦੇ ਉਥੇ ਗੁਰੂ ਜਸ ਕਰਦੇ, ਨਾਮ ਦੀ ਮਹਿਮਾ ਦੱਸਦੇ ਤੇ ਕਈਆਂ ਨੂੰ ਗੁਰੂ ਨਾਨਕ ਦੇ ਘਰ ਨਾਲ ਜੋੜਦੇ ।

ਇੰਝ ਥਾਉਂ-ਥਾਈਂ ਵਿਚਰਦੇ ਹੋਏ ਭਾਈ ਸਾਹਿਬ ਅਟਕ ਤੋਂ ਉਰੇ ਕੈਮਲਪੁਰ ਜਿਲ੍ਹੇ ਇੱਕ ਪਿੰਡ ਕਵੇਹ ਕੋਲ ਜਾ ਟਿਕੇ । ਪਿੰਡ ਵਿੱਚ ਜਲ ਪੀਣ ਲਈ ਗਏ, ਕਿਸੇ ਪਾਣੀ ਨਾ ਦਿੱਤਾ ਉੱਤਰ ਮਿਲਿਆ -

" ਤੁਹਾਨੂੰ ਪਤਾ ਨਹੀਂ ਕਿ ਇੱਥੇ ਪਾਣੀ ਕਿਤਨੀ ਦੂਰੋਂ ਲਿਆਣਾ ਪੈਂਦਾ ਹੈ, ਸਾਨੂੰ ਆਪ ਮਸਾਂ ਪੀਣ ਨੂੰ ਮਿਲਦਾ ਹੈ, ਅਸਾਂ ਲੋਕਾਂ ਨੂੰ ਕੀ ਪਿਲਾਣਾ ਹੈ। " ਪਿੰਡ ਦੇ ਲੋਕੀ ਜਲ ਇੱਕ ਮੀਲ ਦੀ ਦੂਰੀ ਤੋਂ ਹਰੋਹ ਨਾਮੀ ਨਦੀ ਵਿੱਚੋਂ ਲਿਆਂਦੇ ਸਨ, ਇਸ ਲਈ ਉਥੇ ਪਾਣੀ ਦੀ ਬਹੁਤ ਤੰਗੀ ਸੀ ।

ਭਾਈ ਘਨੱਈਆ ਜੀ ਨੇ ਸੋਚਿਆ ਕਿ ਉਥੇ ਰਹਿ ਕੇ ਲੋਕਾਂ ਦੀ ਜਲ ਨਾਲ ਸੇਵਾ ਕੀਤੀ ਜਾਏ । ਇਸ ਲਈ ਉਨ੍ਹਾਂ ਉਥੇ ਆਪਣਾ ਟਿਕਾਣਾ ਬਣਾ ਲਿਆ । ਹਰੋਹ ਨਦੀਂ ਤੋਂ

ਹਰ ਰੋਜ਼ ਘੜਾ ਭਰ ਕੇ ਲੈ ਆਂਦੇ ਤੇ ਜਰਨੈਲੀ ਸੜਕ ਦੇ ਕੰਢੇ, ਇੱਕ ਰੁੱਖ ਦੇ ਥੱਲੇ ਲਿਆ ਰੱਖਦੇ । ਉਥੇ ਬੈਠ ਕੇ ਅਕਾਲ ਪੁਰਖ ਨਾਲ ਸੁਰਤ ਜੋੜ ਕੇ ਸਿਮਰਨ ਵਿੱਚ ਮਸਤ ਰਹਿੰਦੇ । ਆਏ ਗਏ ਮੁਸਾਫਰਾਂ ਨੂੰ ਵਿਤਕਰੇ ਤੋਂ ਬਗੈਰ ਪਾਣੀ ਪਿਲਾਂਦੇ । ਹਿੰਦੂ, ਸਿੱਖ ਜਾਂ ਮੁਸਲਮਾਨ ਕੋਈ ਵੀ ਰਾਹਗੀਰ ਹੋਵੇ ਸਭ ਨੂੰ ਪ੍ਰੇਮ ਨਾਲ ਮਿਲਣਾ ਤੇ ਗੋਬਿੰਦ ਰੂਪ ਜਾਣ ਕੇ ਸਭ ਦੀ ਪਿਆਸ ਬੁਝਾਣੀ । ਆਉਂਦੇ ਜਾਂਦੇ ਕਈ ਅਜਨਬੀ ਛਾਂ ਦੇਖ ਕੇ ਉਥੇ ਰੁਕ ਜਾਂਦੇ, ਨਾਲੇ ਠੰਡਾ ਜਲ ਪੀਂਦੇ ਤੇ ਨਾਲੇ ਭਾਈ ਸਾਹਿਬ ਦੇ ਬਚਨ ਬਿਲਾਸ ਸੁਣਦੇ ਭਾਈ ਘਨੱਈਆ ਜੀ ਦੀ ਕੀਰਤੀ ਹੌਲੇ-ਹੌਲੇ ਇਲਾਕੇ ਵਿੱਚ ਹੋਣ ਲੱਗ ਪਈ । ਸਹਿਜੇ-ਸਹਿਜੇ ਉਥੇ ਸਿਰਫ ਰਾਹਗੀਰ ਹੀ ਨਹੀਂ ਕਵੇਹ ਪਿੰਡ ਦੇ ਲੋਕੀ ਵੀ ਆਉਣ ਲੱਗ ਪਏ । ਫਿਰ ਰੌਣਕ ਹੋਰ ਵੀ ਵਧਣ ਲੱਗ ਪਈ ਜਦ ਕਿ ਇਲਾਕੇ ਦੇ ਲੋਕੀ ਉਥੇ ਇਕੱਠੇ ਹੋ ਜਾਂਦੇ । ਇੰਝ ਉਥੇ ਇੱਕ ਦੀ ਥਾਂ ਦੋ, ਫਿਰ ਤਿੰਨ ਤੇ ਫਿਰ ਚਾਰ ਅਤੇ ਵੱਧਦੇ-ਵੱਧਦੇ ਕਈ ਘੜੇ ਹੋ ਗਏ । ਪਹਿਲਾ ਇੱਕ ਛੋਟਾ ਜਿਹਾ ਡੇਰਾ ਬਣਿਆ । ਕਈ ਸਾਧ, ਸੰਤ ਤੇ ਮੁਸਾਫਰ ਉਥੇ ਰਹਿਣ ਲੱਗ ਪਏ । ਜਿਥੇ ਕਦੇ ਜਲ ਦੀ ਸੇਵਾ ਹੁੰਦੀ ਸੀ, ਹੁਣ ਲੰਗਰ ਵੀ ਵਰਤੀਣ ਲੱਗਾ ਇਸ ਡੇਰੇ ਦੀ ਸ਼ੋਭਾ ਚੌਗਿਰਦੇ ਫੈਲ ਗਈ ਦੇਖਦੇ-ਦੇਖਦੇ ਉਥੇ ਇੱਕ ਤਕੜੀ ਧਰਮਸਾਲ ਬਣ ਗਈ । ਕਹਿੰਦੇ ਹਨ ਉਥੇ ਇਕ ਸੌ ਘੜਾ ਪਾਣੀ ਦਾ ਭਰਿਆ ਰਹਿੰਦਾ । ਬੇਅੰਤ ਮੰਜੇ ਬਿਸਤਰੇ ਬਣ ਗਏ । ਸਵੇਰੇ-ਸ਼ਾਮ ਸੈਂਕੜਿਆਂ ਦੀ ਗਿਣਤੀ ਵਿਚ ਸੰਗਤ ਜੁੜਦੀ ਤੇ ਗੁਰੂ-ਜਸ ਹੁੰਦਾ ।

ਇੰਝ ਉਥੇ ਸੇਵਾ ਤੇ ਪਰਚਾਰ ਦਾ ਪਰਵਾਹ ਚੱਲ ਪਿਆ । ਭਾਈ ਘਨੱਈਆ ਜੀ ਨੇ ਉਥੇ ਟਿਕ ਕੇ ਇਰਦ-ਗਿਰਦ ਦੇ ਇਲਾਕੇ ਵਿੱਚ ਜਿੱਥੇ-ਜਿੱਥੇ ਪਾਣੀ ਦੀ ਥੁੜ ਸੀ ਉਥੇ -ਉਥੇ ਖੂਹ ਪੁਟਵਾਏ

ਕਵੇਹ ਪਿੰਡ ਤੋਂ ਚੱਲ ਕੇ ਕਦੇ-ਕਦੇ ਆਨੰਦਪੁਰ ਸਾਹਿਬ ਵੀ ਹੋ ਆਉਂਦੇ ਤੇ ਗੁਰੂ ਜੀ ਦੇ ਦਰਸ਼ਨ ਕਰ ਆਉਂਦੇ ।

**ਦਸਮੇਸ਼ ਪਿਤਾ ਨਾਲ ਮਿਲਾਪ :**

1675 ਈ: ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਸ਼ਹੀਦ ਹੋਏ । ਜਦ ਆਪ ਨੇ ਗੁਰੂ ਜੀ ਦੀ ਸ਼ਹਾਦਤ ਬਾਰੇ ਸੁਣਿਆ ਤਾਂ ਕਈ ਦਿਨ ਗੁੰਮ-ਸੁੰਮ ਰਹੇ ਤੇ ਚੁੱਪ ਸਾਧੀ ਰੱਖੀ । ਕੁੱਝ ਚਿਰ ਮਗਰੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕੀਤੇ । ਭਾਈ ਸਾਹਿਬ ਜੀ ਦੀ ਉਮਰ ਉਸ ਵੇਲੇ ਲੱਗਭੱਗ ਤੀਹ ਸਾਲ ਸੀ । ਭਰ ਜੁਆਨੀ ਵਿੱਚ ਆਪ ਬੜੇ ਸੁੰਦਰ ਜੁਆਨ ਲੱਗਦੇ ਸਨ । ਬਾਲ ਗੁਰੂ ਦੇ ਦਰਸ਼ਨ ਕਰਕੇ ਪ੍ਰਸੰਨ ਹੋਏ । ਕੁੱਝ ਚਿਰ ਉਥੇ ਟਿਕੇ ਫਿਰ ਵਾਪਸ ਕਵੇਹ ਪਿੰਡ ਆ ਗਏ ।

ਆਪਣੇ ਡੇਰੇ ਤੋਂ ਸਾਲ ਜਾਂ ਦੋ ਸਾਲਾਂ ਬਾਅਦ ਸ੍ਰੀ ਆਨੰਦਪੁਰ ਸਾਹਿਬ ਜਾਂਦੇ । ਕਈ ਵਾਰੀ ਤਾਂ ਅਨੇਕਾਂ ਸਾਧਾਂ-ਸੰਤਾਂ ਤੇ ਸਿੱਖ ਸੰਗਤਾਂ ਨੂੰ ਨਾਲ ਲੈ ਕੇ ਉਥੇ ਪਹੁੰਚਦੇ । ਸ੍ਰੀ ਗੁਰੂ ਜੀ ਦੇ ਦਰਸ਼ਨ ਕਰਦੇ ਕਈ-ਕਈ ਦਿਨ ਉਥੇ ਰਹਿਕੇ ਸੇਵਾ ਕਰਦੇ । ਇੰਝ ਕਈ ਵਾਰੀ ਆਪ ਦੋ-ਦੋ ਮਹੀਨੇ ਵੀ ਉਥੇ ਰਹਿ ਕੇ ਦਸਮੇਸ਼ ਪਿਤਾ ਜੀ ਦੀਆਂ ਖੁਸ਼ੀਆਂ ਲੈਂਦੇ ।

ਅੰਦਾਜ਼ਾ ਕੀਤਾ ਜਾਂਦਾ ਹੈ ਕਿ ਦਸ ਕੁ ਸਾਲ ਦੇ ਬਾਅਦ ਭਾਈ ਘਨੱਈਆ ਜੀ ਆਨੰਦਪੁਰ ਹੀ ਆ ਕੇ ਰਹਿਣ ਲੱਗ ਪਏ । ਦਸਮੇਸ਼ ਗੁਰੂ ਜੀ ਜਦ ਇੱਥੋਂ ਪਾਉਂਟਾ ਸਾਹਿਬ ਗਏ ਤਾਂ ਆਪ ਉਥੇ ਵੀ ਨਾਲ ਹੀ ਗਏ । ਸੇਵਾ ਪਾਣੀ ਦੇ ਢੋਣ ਦੀ ਨਾਲ ਹੀ ਰਹੀ । ਗਲ ਵਿੱਚ ਮਸ਼ਕ ਜਾਂ ਸਿਰ ਤੇ ਘੜਾ ਬਸ ਹਰ ਵੇਲੇ ਸੇਵਾ ਵਿੱਚ ਲੱਗੇ ਰਹਿੰਦੇ । ਆਨੰਦਪੁਰ

ਸਤਲੁਜ ਦਾ ਜਲ ਭਰ ਕੇ ਉਚਾਈਆਂ ਚੜ੍ਹਦੇ ਸਨ । ਜਦ ਪਾਉਂਟਾ ਸਾਹਿਬ ਗਏ ਤਾਂ ਜਮਨਾ ਦਾ ਨਿਰਮਲ ਜਲ ਭਰ ਕੇ ਕਈ ਪਉੜੀਆਂ ਉੱਪਰ ਚੜ੍ਹ ਕੇ ਜਲ ਸੰਗਤਾਂ ਨੂੰ ਪਿਆਉਣਾ ।

ਪਾਉਂਟਾ ਸਾਹਿਬ ਤੋਂ ਜਦ ਗੁਰੂ ਜੀ ਵਾਪਸ ਆਨੰਦਪੁਰ ਸਾਹਿਬ ਆਏ ਤਾਂ ਭਾਈ ਘਨੱਈਆ ਜੀ ਵੀ ਨਾਲ ਹੀ ਵਾਪਸ ਆਏ ਤੇ ਮੁੜ ਆਨੰਦਪੁਰ ਵਿੱਚ ਰਹਿਣ ਲੱਗ ਪਏ । ਏਥੇ ਆਪ ਓਦੋਂ ਤੱਕ ਰਹੇ ਜਦ ਕਿ ਆਨੰਦਪੁਰ ਦੇ ਯੁੱਧ ਮਗਰੋਂ ਕਲਗੀਧਰ ਜੀ ਨੇ ਇੱਥੋਂ ਚਾਲੇ ਨਾ ਪਾਏ ।

**ਜੰਗ ਵਿੱਚ ਜਲ ਦੀ ਸੇਵਾ :**

ਜਦ ਆਨੰਦਪੁਰ ਵਿੱਚ ਮੁਗਲ ਫੌਜਾਂ ਨੇ ਘੇਰਾ ਘੱਤਿਆ ਹੋਇਆ ਸੀ ਤੇ ਨਾਲ ਹੀ ਪਹਾੜੀ ਰਾਜਿਆਂ ਦੀ ਸੈਨਾ ਭੀ ਸਿੱਖਾਂ ਵਿਰੁੱਧ ਲੜ ਰਹੀ ਸੀ ਓਦੋਂ ਉਸ ਘਮਸਾਨ ਦੇ ਯੁੱਧ ਵਿੱਚ ਭਾਈ ਘਨੱਈਆ ਜੀ ਬੜੀ ਦਲੇਰੀ ਨਾਲ ਚਲੇ ਜਾਂਦੇ । ਸਤਲੁਜ ਨਦੀਂ ਤੋਂ ਮਸ਼ਕ ਭਰ ਕੇ ਰਣ ਖੇਤਰ ਵਿੱਚ ਫੱਟੜਾਂ ਤੇ ਲੋੜਵੰਦਾਂ ਨੂੰ ਪਾਣੀ ਪਿਲਾਂਦੇ । ਮੈਦਾਨਿ-ਜੰਗ ਵਿੱਚ ਕੁਰਲਾ ਰਹੇ ਤੇ ਪਾਣੀ ਲਈ ਤਰਸ ਰਹਿਆਂ ਦੀ ਪਿਆਸ ਬੁਝਾ ਕੇ ਅਸੀਸਾਂ ਲੈਂਦੇ । ਜਿੱਥੇ ਉਨ੍ਹਾਂ ਵਿੱਚ ਸੇਵਾ-ਭਾਵ ਤੇ ਹਲੀਮੀ ਸੀ, ਸ਼ਰਧਾ ਤੇ ਸਿਮਰਨ ਸੀ, ਮਨੁੱਖਾਂ ਲਈ ਦਰਦ ਤੇ ਪਿਆਰ ਸੀ। ਉਥੇ ਉਨ੍ਹਾਂ ਵਿੱਚ ਦਲੇਰੀ ਤੇ ਹੌਸਲਾ ਵੀ ਸੀ । ਤਾਹੀਓਂ ਤਾਂ ਉਹ ਬਗੈਰ ਕਿਸੇ ਡਰ ਦੇ ਬੜੀ ਬੇਬਾਕੀ ਨਾਲ ਸਿੱਖਾਂ ਦੇ ਵੈਰੀਆਂ ਦੇ ਪਾਸੇ ਵੀ ਚਲੇ ਜਾਂਦੇ । ਹਿੰਦੂਆਂ ਤੇ ਮੁਸਲਮਾਨਾਂ ਨੂੰ ਵੀ ਪਾਣੀ ਪਿਲਾਂਦੇ । ਕਈ ਐਸੇ ਤਿਹਾਏ ਜੋ ਪਾਣੀ ਕਰਕੇ ਅਧਮੋਏ ਪਏ ਹੁੰਦੇ ਪਾਣੀ ਪੀਂਦਿਆਂ ਹੀ ਮੁੜ ਉੱਠ ਖਲੋਂਦੇ ਸਿੱਖ ਜੋ ਕਿ ਸ਼ਤਰੂਆਂ ਨੂੰ ਮਾਰਦੇ ਉਹ ਇਹ ਦੇਖ ਕੇ ਗੁੱਸਾ ਕਰਦੇ । ਭਾਈ ਸੰਤੋਖ ਸਿੰਘ ਨੇ ਸੂਰਜ ਪ੍ਰਕਾਸ਼ ਵਿੱਚ ਭਾਈ ਘਨੱਈਆ ਜੀ ਦੇ ਜਲ ਪਿਲਾਣ ਦੀ ਕਿਰਿਆ ਤੇ ਉਸ ਤੋਂ ਉਪਜੀ ਸਿੱਖਾਂ ਦੇ ਮਨ ਵਿੱਚ ਰੋਸ ਦੀ ਪ੍ਰਤੀਕਿਰਿਆ ਅਤੇ ਗੁਰੂ ਗੋਬਿੰਦ ਸਿੰਘ ਜੀ ਪਾਸ ਸ਼ਿਕਾਇਤ ਤੇ ਮੁੜ ਭਾਈ ਸਾਹਿਬ ਦੀ ਪੇਸ਼ੀ ਅਤੇ ਗੁਰੂ ਜੀ ਨਾਲ ਸੁਆਲ ਜੁਆਬ ਬੜੇ ਰੋਚਕ ਢੰਗ ਨਾਲ ਬਿਆਨ ਕੀਤੇ ਹਨ । ਉਹ ਲਿਖਦੇ ਹਨ ਕਿ ਭਾਈ ਘਨੱਈਆ ਜਿਵੇਂ ਸਿੰਘਾਂ ਨੂੰ ਜਲ ਛਕਾਉਂਦੇ ਇੰਝ ਹੀ ਤੁਰਕਾਂ ਦੀ ਵੀ ਪਿਆਸ ਬੁਝਾਉਂਦੇ ।

**ਜਿਮ ਸਿੰਘਨਿ ਕੋ ਜਾਇ ਪਿਲਾਵੈ । ਤਿਮ ਤੁਰਕਨ ਕੋ ਨਿਤ ਤ੍ਰਿਪਤਾਵੈ ॥**

ਇਸ ਗੱਲ ਦੀ ਆਮ ਚਰਚਾ ਹੋਣ ਲੱਗੀ । ਸਿੱਖ ਸੰਗਤਾਂ ਵਿੱਚ ਚੋਖਾ ਰੋਸ ਪੈਦਾ ਹੋਇਆ । ਕੁਝ ਕੁ ਸਿੱਖਾਂ ਨੇ ਗੁਰੂ ਮਹਾਰਾਜ ਪਾਸ ਸ਼ਿਕਾਇਤ ਕੀਤੀ । ਕੁਝ ਕੁ ਨੇ ਇੱਥੋਂ ਤੱਕ ਕਹਿ ਦਿੱਤਾ ਕਿ ਇੰਝ ਲੱਗਦਾ ਹੈ ਕਿ ਭਾਈ ਘਨੱਈਆ ਕਿਸੇ ਲਾਲਚ ਪਿੱਛੇ ਤੁਰਕਾਂ ਨੂੰ ਪਾਣੀ ਪਿਲਾਂਦਾ ਹੈ ।

ਗੁਰੂ ਜੀ ਨੇ ਭਾਈ ਘਨੱਈਆ ਨੂੰ ਬੁਲਾ ਭੇਜਿਆ । ਪੇਸ਼ੀ ਹੋਈ । ਜਦ ਪੁੱਛ-ਗਿੱਛ ਹੋਈ ਤਾਂ ਭਾਈ ਸਾਹਿਬ ਨੇ ਉੱਤਰ ਦਿੱਤਾ ਕਿ ਮਹਾਰਾਜ ਮੈਨੂੰ ਕੋਈ ਹਿੰਦੂ ਮੁਸਲਮਾਨ ਜਾਂ ਸਿੱਖ ਨਹੀਂ ਦਿਸਦਾ । ਮੈਨੂੰ ਤਾਂ ਹਰ ਪਾਸੇ ਤੁਹਾਡਾ ਹੀ ਰੂਪ ਦਿਸਦਾ ਹੈ । ਮੇਰੇ ਲਈ ਕੋਈ ਸ਼ਤਰੂ ਜਾਂ ਮਿੱਤਰ ਨਹੀਂ । ਮੈਂ ਹਰ ਥਾਂ ਤੇ ਚੂੰਕਿ ਤੁਹਾਨੂੰ ਹੀ ਦੇਖਦਾ ਹਾਂ ਇਸ ਲਈ ਮੇਰੀ ਨਜ਼ਰ ਵਿੱਚ ਭਿੰਨ-ਭੇਦ ਨਹੀਂ ਹੈ । ਗੁਰੂ ਮਹਾਰਾਜ ਨੇ ਮੁਸਕਰਾ ਕੇ ਗਲੇ ਨਾਲ ਲਗਾਇਆ । ਭਾਈ ਸਾਹਿਬ ਦੀ ਸਮ-ਦ੍ਰਿਸ਼ਟੀ ਤੇ ਉੱਚੀ ਆਤਮਿਕ ਅਵਸਥਾ ਸਦਕੇ ਹੁੰਦੇ ਹੋਏ ਕਿਹਾ ਭਾਈ ਘਨੱਈਆ ਜੀ ਤੁਸੀਂ ਧੰਨ ਹੋ ਤੇ ਤੁਹਾਡੀ ਸਿੱਖੀ ਤੇ ਸੇਵਾ

ਧੰਨ ਹੈ । ਗੁਰੂ ਮਹਾਰਾਜ ਨੇ ਸਗੋਂ ਇਹ ਕਿਹਾ ਕਿ ਤੁਸੀਂ ਰਣ-ਭੂਮੀ ਵਿੱਚ ਕੇਵਲ ਪਾਣੀ ਹੀ ਨਾ ਪਿਲਾਉ ਸਗੋਂ ਫੱਟੜਾਂ ਦੀ ਮਰਹਮ ਪੱਟੀ ਵੀ ਕਰਿਆ ਕਰੋ ।

ਹੁਣ ਭਾਈ ਘਨੱਈਆ ਜੀ ਜਿੱਥੇ ਗਲ ਵਿੱਚ ਮਸ਼ਕ ਲਟਕਾਈ ਫਿਰਦੇ ਉਥੇ ਇੱਕ ਝੋਲੇ ਵਿੱਚ ਮਰਹਮ ਦੀ ਡੱਬੀ ਤੇ ਪੱਟੀਆਂ ਵੀ ਲੈ ਕੇ ਜਾਂਦੇ । ਸੇਵਾ ਪੰਥੀ ਪਰੰਪਰਾ ਅਨੁਸਾਰ ਭਾਈ ਘਨੱਈਆ ਜੀ ਨੂੰ ਸਾਰੇ ਹੀ ਸਾਧੂ ਜਾਣਨ ਲੱਗ ਪਏ, ਉਹ ਜਿੱਥੇਂ ਲੰਘਦੇ ਲੋਕੀਂ ਨਮਸਕਾਰ ਕਰਦੇ ਸੰਤ ਰਤਨ ਮਾਲਾ ਵਿੱਚ ਇੰਝ ਲਿਖਿਆ ਹੈ :

ਭਾਈ ਘਨੱਈਆ ਜੀ ਸਿੰਘਾਂ ਬੀਚ ਤੇ ਤੁਰਕਾਂ ਬੀਚ ਭੀ ਵਿਚਰਦੇ । ਕੋਈ ਇਸ ਕੋ ਅਟਕਾਵੈ ਨਾਹੀਂ । ਨਿਸ਼ੰਗ ਹੀ ਫਿਰੇ । ਇੱਕ ਸਮਾਨ ਸਭੀ ਕੋ ਜਾਨ ਕੇ ਸੇਵਾ ਬੜੇ ਪ੍ਰੇਮ ਸੇ ਕਰਹਿ । ਅਰ ਸਾਧੂ ਜਾਣ ਕੈ ਸਭੀ ਨਮਸਕਾਰ ਕਰੈਂ, ਕੋਈ ਇਸ ਕੋ ਦੁਖਾਵੈ ਨਾਹੀਂ ।'

ਭਾਈ ਘਨੱਈਆ ਜੀ ਤੋਂ ਉਤਸ਼ਾਹਿਤ ਹੋ ਕਿ ਹੋਰ ਵੀ ਕਈ ਸਿੱਖ ਮੈਦਾਨਿ-ਜੰਗ ਵਿੱਚ ਸਭ ਦੀ ਇੱਕੋ ਤਰ੍ਹਾਂ ਸੇਵਾ ਕਰਨ ਲਈ ਨਿੱਤਰੇ । ਉਹ ਵੀ ਜਲ ਦੀ ਸੇਵਾ ਕਰਦੇ ਤੇ ਮਰਹਮ ਪੱਟੀ ਕਰਦੇ ।

**ਮੁੜ ਪਿੰਡ ਕਵੇਹ ਵਿੱਚ ਅੰਤ ਤੱਕ ਡੇਰਾ :**

1704 ਈ: ਵਿੱਚ ਜਦ ਕਲਗ਼ੀਧਰ ਪਿਤਾ ਨੇ ਆਨੰਦਪੁਰ ਤੋਂ ਚਾਲੇ ਪਾਏ ਤਾਂ ਉਨ੍ਹਾਂ ਭਾਈ ਘਨੱਈਆ ਜੀ ਨੂੰ ਆਪਣੇ ਡੇਰੇ ਪਿੰਡ ਕਵੇਹ ਵਿੱਚ ਜਾਣ ਦਾ ਆਦੇਸ਼ ਦਿੱਤਾ ।

ਭਾਈ ਸਾਹਿਬ ਗੁਰੂ ਜੀ ਤੋਂ ਵਿਦਾ ਹੋ ਕੇ ਉਥੇ ਆ ਟਿਕੇ । ਉਨ੍ਹਾਂ ਆਪਣੀ ਆਯੂ ਦੇ ਅੰਤਲੇ ਦਸ ਕੁ ਸਾਲ ਉਥੇ ਹੀ ਬਿਤਾਏ । ਇਰਦ-ਗਿਰਦ ਦੇ ਇਲਾਕੇ ਵਿੱਚ ਪ੍ਰਚਾਰ ਕਰਦੇ ਪਰ ਜਿਆਦਾ ਆਪਣੇ ਡੇਰੇ ਵਿੱਚ ਹੀ ਰਹਿੰਦੇ ।

ਪਿੰਡ ਕਵੇਹ ਵਿੱਚ ਰਹਿੰਦੇ ਹੋਏ, ਜਾਂ ਥਾਂ ਪਰ ਥਾਂ ਵਿਚਰ ਕੇ ਭਾਈ ਘਨੱਈਆ ਜੀ ਨੇ ਜੋ ਬਚਨ ਕਹੇ ਉਹ ਉਨ੍ਹਾਂ ਦੀਆਂ ਪਰਚੀਆਂ ਵਿੱਚ ਸੁਰੱਖਿਅਤ ਹਨ ਜੋ ਕਿ ਭਾਈ ਸਹਿਜ ਰਾਮ ਜੀ ਦੀਆਂ ਲਿਖੀਆਂ ਹੋਈਆਂ ਹਨ । ਭਾਈ ਸਾਹਿਬ ਦੇ ਬਚਨ ਭਾਵ ਪੂਰਨ, ਸੰਤੋਖ ਤੇ ਇੱਕ ਦਮ ਮਨ ਵਿੱਚ ਵੱਸ ਜਾਣ ਵਾਲੇ ਹਨ । ਕਈ ਸਿੱਖਿਆਦਾਇਕ ਬਚਨ ਤੇ ਕਥਨ ਮੁਹਾਵਰੇ ਬਣ ਗਏ ਹਨ ।

ਭਾਈ ਘਨੱਈਆ ਜੀ ਸਹਿਜ ਅਵਸਥਾ ਵਿੱਚ ਵਿਚਰਨ ਵਾਲੇ, ਸ਼ਾਂਤ ਮੂਰਤ ਤੇ ਸੇਵਾ ਦੇ ਪੁਤਲੇ ਸਨ । ਉਹ ਕਰਨੀ ਤੇ ਕਥਨੀ ਦੇ ਸੂਰੇ ਸਨ । ਸਰੀਰ ਦੇ ਸੁਡੋਲ ਤੇ ਸੇਵਾ ਤੇ ਆਤਮਾ ਕਰਕੇ ਨਿਰਮਲ । ਮਨ ਨੀਵਾਂ ਤੇ ਮੱਤ ਉੱਚੀ ਰੱਖਣ ਵਾਲੇ ਭਾਈ ਸਾਹਿਬ ਨੂੰ ਸੇਵਾ ਤੇ ਸਿਮਰਨ ਦੇ ਨਾਲ-ਨਾਲ ਕੀਰਤਨ ਦਾ ਬਹੁਤ ਸ਼ੌਕ ਸੀ । ਉਨ੍ਹਾਂ ਦਾ ਅੰਤ ਵੀ ਕੀਰਤਨ ਸੁਣਦੇ ਹੋਇਆ ਹਰ ਰੋਜ਼ ਅੰਮ੍ਰਿਤ ਵੇਲੇ ਸੂਰਜ ਨਿਕਲਣ ਤੱਕ ਕੀਰਤਨ ਸੁਣਦੇ । ਅੰਤਲੇ ਦਿਨ ਜਦ ਕੀਰਤਨ ਸੁਣ ਰਹੇ ਸਨ ਤਾਂ ਕਵੇਹ ਵਿਖੇ ਆਪ ਆਪਣੇ ਡੇਰੇ ਵਿੱਚ ਇੱਕ ਥੰਮ੍ਹ ਨਾਲ ਢੋਅ ਲਾ ਕੇ ਬੈਠ ਗਏ । ਕੀਰਤਨ ਦਾ ਭੋਗ ਪਿਆ । ਆਪ ਉਠੇ ਨਾ । ਲੋਕਾਂ ਸਮਝਿਆ ਸੁਰਤ ਜੁੜੀ ਹੋਈ ਹੈ । ਕੁਝ ਦੇਰ ਮਗਰੋਂ ਹਿਲਾਇਆ ਤਾਂ ਪਤਾ ਲੱਗਾ ਹੰਸ ਤਾਂ ਉੱਡ ਗਿਆ ਹੈ । ਪਿੱਛੇ ਤਾਂ ਸਰੀਰ ਹੀ ਬਾਕੀ ਹੈ । ਇੰਝ ਸਾਰੀ ਉਮਰ ਸੇਵਾ ਕਰਦੇ ਹੋਏ ਗੁਰੂ ਚਰਨਾਂ ਨਾਲ ਪ੍ਰੀਤ ਜੋੜ ਕੇ ਗੁਰੂ ਗੁਰੂ ਜਪਦੇ ਤੇ ਸ਼੍ਰੀ ਅਕਾਲ ਪੁਰਖ ਦਾ ਸਿਮਰਨ ਕਰਦੇ ਹੋਏ ਤੇ ਅੰਤ ਵੇਲੇ ਇਲਾਹੀ ਕੀਰਤਨ ਵਿੱਚ ਲੀਨ ਹੋਏ ਭਾਈ ਘਨੱਈਆ ਜੀ ਦੀ ਆਤਮਾ ਵਿੱਚ ਹੀ ਲੀਨ ਹੋ ਗਈ ਤੇ ਉਹ ਅਮਰ ਹੋ ਗਏ ।

— — — — —

18 ਤੋਂ 20 ਸਤੰਬਰ ਤੱਕ
ਬਰਸੀ ਤੇ ਵਿਸ਼ੇਸ਼

# ਰੈੱਡਕਰਾਸ ਦਾ ਪਹਿਲਾ ਪ੍ਰਵਰਤਕ : ਭਾਈ ਘਨੱਈਆ ਜੀ

ਕਰਨੈਲ ਸਿੰਘ ਐਮ.ਏ

ਭਾਈ ਘਨੱਈਆ ਜੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਅਨਿੰਨ ਸੇਵਕ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰੋਂ-ਘਰੋਂ ਵਰੋਸਾਏ ਹੋਏ ਹਨ । ਭਾਈ ਘਨੱਈਆ ਜੀ ਜਦ ਗੁਰੂ ਦਰਬਾਰ ਵਿੱਚ ਹਾਜ਼ਰ ਹੋਏ ਤਾਂ ਉਸ ਸਮੇਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਗੁਰਗੱਦੀ ਤੇ ਬਿਰਾਜਮਾਨ ਹੋ ਚੁੱਕੇ ਸਨ । ਉਨ੍ਹਾਂ ਨੂੰ ਆਉਂਦਿਆਂ ਹੀ ਗੁਰੂ ਜੀ ਨੇ ਨਦੀ ਤੋਂ ਪਾਣੀ ਭਰ ਕੇ ਲਿਆਉਣ ਲਈ ਕਿਹਾ । ਭਾਈ ਘਨੱਈਆ ਜੀ ਜਦ ਪਾਣੀ ਦਾ ਘੜਾ ਲੈ ਆਏ ਤਾਂ ਗੁਰੂ ਸਾਹਿਬ ਨੇ ਹੱਥ ਧੋ ਕੇ ਬਾਕੀ ਸਾਰਾ ਪਾਣੀ ਡੋਲ੍ਹ ਦਿੱਤਾ ਅਤੇ ਹੋਰ ਪਾਣੀ ਦਾ ਘੜਾ ਭਰ ਕੇ ਲਿਆਉਣ ਲਈ ਕਿਹਾ, ਭਾਈ ਘਨੱਈਆ ਜੀ ਫਿਰ ਪਾਣੀ ਦਾ ਘੜਾ ਭਰ ਲਿਆਏ ਤਾਂ ਫਿਰ ਗੁਰੂ ਸਾਹਿਬ ਨੇ ਆਪਣੇ ਚਰਨ ਧੋ ਕੇ ਬਾਕੀ ਸਾਰਾ ਪਾਣੀ ਡੋਲ੍ਹ ਦਿੱਤਾ । ਦੂਜੇ ਦਿਨ ਫਿਰ ਇੰਝ ਹੀ ਹੋਇਆ, ਇਸ ਤਰ੍ਹਾਂ ਤਿੰਨ ਮਹੀਨੇ ਹੁੰਦਾ ਰਿਹਾ, ਗੁਰੂ ਸਾਹਿਬ ਇੱਕ ਬੜਾ ਵੱਡਾ ਇਮਤਿਹਾਨ ਲੈ ਰਹੇ ਸਨ । ਜੇ ਅੱਜ ਭਾਈ ਘਨੱਈਆ ਨੂੰ ਗੁਰੂ ਜੀ ਦਾ ਇੰਝ ਪਾਣੀ ਡੋਲ੍ਹਣਾ ਨਾ ਭਾਉਂਦਾ ਤਾਂ ਇਹ ਮੈਦਾਨਿ ਜੰਗ ਵਿੱਚ ਸਭ ਨੂੰ ਇੱਕ ਦ੍ਰਿਸ਼ਟੀ ਨਾਲ ਦੇਖ ਕੇ ਪਾਣੀ ਨ ਪਿਲਾ ਸਕਦਾ । ਭਾਈ ਸਾਹਿਬ ਨੇ ਨਾ ਕੋਈ ਉਜਰ ਕੀਤਾ ਤੇ ਨਾ ਕੋਈ ਗੁੱਸਾ-ਗਿੱਲਾ, ਮੱਥੇ 'ਤੇ ਵੱਟ ਤੱਕ ਨਹੀਂ ਪਾਇਆ । ਹਰ ਰੋਜ਼ ਸਤਬਚਨ ਕਹਿ ਕੇ ਹੀ ਜਲ ਲਿਆਉਂਦੇ ਰਹੇ । ਭਾਈ ਘਨੱਈਆ ਜੀ ਨੂੰ ਇਸ ਤਰ੍ਹਾਂ ਜਲ ਲਿਆਉਣ ਦਾ ਚੰਗਾ ਅਭਿਆਸ ਹੋ ਗਿਆ । ਕਦੇ ਲੰਗਰ ਪਕਾਉਣ ਲਈ, ਕਦੇ ਲੰਗਰ ਵਿੱਚ ਬੈਠੀਆਂ ਸੰਗਤਾਂ ਜਾਂ ਗੁਰੂ ਦਰਬਾਰ ਵਿੱਚ ਬੈਠੀਆਂ ਸੰਗਤਾਂ ਨੂੰ ਜਲ ਛਕਾਉਣ ਦੀ ਸੇਵਾ ਕਰਦੇ । ਇਸ ਤਰ੍ਹਾਂ ਉਹ (ਭਾਈ ਘਨੱਈਆ) ਗੁਰੂ ਦੀਆਂ ਖੁਸ਼ੀਆਂ ਦੇ ਨਾਲ-ਨਾਲ ਸੰਗਤਾਂ ਦੀਆਂ ਅਸੀਸਾਂ ਵੀ ਲੈਂਦੇ ਰਹੇ । ਭਾਈ ਘਨੱਈਆ ਜੀ ਘੋੜਿਆਂ ਲਈ ਘਾਹ, ਦਾਣਾ, ਲਿੱਦ ਇਕੱਠੀ ਕਰਨ ਤੇ ਨਹਾਉਣ ਦੀ ਸੇਵਾ ਵੀ ਕਰਦੇ ।

ਇੱਕ ਦਿਨ ਗੁਰੂ ਜੀ ਨੇ ਭਾਈ ਘਨੱਈਆ ਜੀ ਨੂੰ ਕਿਹਾ, " ਤੁਹਾਡੀ ਸੇਵਾ ਥਾਇ ਪਈ ਹੈ, ਜਾਉ ! ਆਪ ਨਾਮ ਜਪੋ 'ਤੇ ਹੋਰਾਂ ਨੂੰ ਜਪਾਉ ।" ਸਾਹਿਬ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਹੁਕਮ ਮੰਨ ਸੇਵਾ ਪੰਥੀਆਂ ਦੀ ਪਹਿਲੀ ਧਰਮਸ਼ਾਲਾ ਲਾਹੌਰ ਅਤੇ ਪਿਸ਼ਾਵਰ ਦੇ ਵਿਚਕਾਰ ਜ਼ਿਲ੍ਹਾ ਕੈਮਲਪੁਰ (ਪਾਕਿਸਤਾਨ) ਦੇ ਪਿੰਡ 'ਕਹਵਾ' ਵਿੱਚ ਭਾਈ ਘਨੱਈਆ ਜੀ ਨੇ ਬਣਾਈ । ਜਰਨੈਲੀ ਸੜਕ 'ਤੇ ਵਸਿਆ ਇਹ ਪਿੰਡ ਪਹਾੜਾਂ ਨਾਲ ਮਿਲਿਆ ਹੋਇਆ ਹੈ । ਇੱਕ ਕੋਹ ਦਾ ਪੈਂਡਾ ਤੈਅ ਕਰਕੇ ਪਹਾੜਾਂ ਦੇ ਚੜ੍ਹ ਕੇ ਲੋਕੀਂ ਦੂਰੋਂ ਪਾਣੀ ਲਿਆ ਗੁਜ਼ਾਰਾ ਕਰਦੇ । ਭਾਈ ਘਨੱਈਆ ਜੀ ਨੇ ਇਸ ਥਾਂ ਜਰਨੈਲੀ ਸੜਕ 'ਤੇ ਰਾਹਗੀਰ ਮੁਸਾਫ਼ਰਾਂ ਦੇ ਸੁੱਖ ਆਰਾਮ ਅਤੇ ਗੁਰਮਤਿ ਪ੍ਰਚਾਰ ਲਈ ਧਰਮਸ਼ਾਲਾ ਬਣਾਈ । ਇਲਾਕੇ ਦੇ ਲੋਕਾਂ ਨੇ ਤਨ, ਮਨ, ਧਨ ਰਾਹੀਂ ਸੇਵਾ ਕਮਾਈ । ਦੋ ਸੌ ਮੰਜੇ ਬਿਸਤਰੇ, ਆਏ-ਗਏ ਰਾਹੀਆਂ-ਪਾਂਧੀਆਂ ਦੇ ਸੁੱਖ ਆਰਾਮ ਲਈ ਤਿਆਰ ਕੀਤੇ ਗਏ । ਦੋ ਸੌ ਘੜਾ ਪਾਣੀ ਦਾ ਹਰ ਸਮੇਂ ਭਰ ਕੇ ਰੱਖਦੇ । ਇੱਥੇ ਹਿੰਦੂ, ਮੁਸਲਮਾਨ, ਸਿੱਖ, ਈਸਾਈ, ਸਭ ਧਰਮਾਂ ਦੇ ਲੋਕ ਆ ਕੇ ਸੁੱਖ ਪ੍ਰਾਪਤ ਕਰਦੇ । ਇਹ ਧਰਮਸ਼ਾਲਾ ਸਾਂਝੀਵਾਲਤਾ ਦਾ ਪ੍ਰਤੀਕ ਬਣ ਗਈ ।

ਭਾਈ ਘਨੱਈਆ ਜੀ ਦਾ ਜਨਮ 359 ਸਾਲ ਪਹਿਲਾਂ ਵਜ਼ੀਰਾਬਾਦ ਲਾਗੇ ਸਿਆਲਕੋਟ (ਪਾਕਿਸਤਾਨ) ਦੇ ਪਿੰਡ 'ਸੋਦਰਾ' ਵਿਖੇ ਪਿਤਾ ਭਾਈ ਨੱਥੂ ਰਾਮ ਖੱਤਰੀ ਦੇ ਗ੍ਰਹਿ ਮਾਤਾ ਸੁੰਦਰੀ ਦੀ ਕੁੱਖੋਂ ਸੰਮਤ 1705, ਸੰਨ 1648 ਈਸਵੀ ਵਿੱਚ ਹੋਇਆ ।

ਭਾਈ ਨੱਥੂ ਰਾਮ ਜੀ ਜਰਨੈਲ ਅਮੀਰ ਸਿੰਘ ਮੁਸਾਹਿਬ ਦੇ ਮੈਨੇਜਰ (ਮੁਨਸ਼ੀ) ਸਨ। ਜਗੀਰਾਂ ਮੁੱਲ ਲੈ ਕੇ ਅੱਗੋਂ ਵੇਚਣ ਦਾ ਕੰਮ ਵੀ ਕਰਦੇ ਸਨ। ਭਾਈ ਘਨੱਈਆ ਜੀ ਦੇ ਜਨਮ ਸਮੇਂ ਇਲਾਕੇ ਦੇ ਸਿਆਣੇ ਪੁਰਸ਼ਾਂ ਨੇ ਕਹਿ ਦਿੱਤਾ ਸੀ ਕਿ ਇਹ ਪੂਰਨ ਪੁਰਖ ਹੈ। ਜਿਤਨਾ ਕੋਈ ਇਨ੍ਹਾਂ ਨਾਲ ਭਾਉ ਕਰੇਗਾ, ਉਤਨਾ ਹੀ ਲਾਭਦਾਇਕ ਰਹੇਗਾ। ਹੋਰ ਤੇ ਹੋਰ ਇਹ ਆਪ ਵੀ ਜੀਵਨ ਮੁਕਤ ਹੋਣਗੇ ਅਤੇ ਦੂਜਿਆਂ ਨੂੰ ਵੀ ਜੀਵਨ ਮੁਕਤ ਕਰਨ ਦੇ ਸਮਰੱਥ ਹੋਣਗੇ। ਬਚਪਨ ਵਿੱਚ ਹੀ ਐਸੀ ਅਵਸਥਾ ਬਣ ਗਈ ਸੀ। ਜਿੱਥੋ ਸਤਿਸੰਗ ਹੋਵੇ, ਕਥਾ-ਕੀਰਤਨ ਹੋਵੇ, ਸਭ ਤੋਂ ਪਹਿਲਾਂ ਜਾ ਬੈਠਦੇ ਸਨ। ਇੱਥੋਂ ਤੱਕ ਕਿ ਰੈਣ ਬਸੇਰਾ ਵੀ ਉਥੇ ਹੀ ਕਰ ਛੱਡਦੇ ਸਨ। ਆਪ ਹਰ ਸਮੇਂ ਜੇਬਾਂ ਪੈਸਿਆਂ ਨਾਲ ਭਰੀ ਰੱਖਦੇ ਸਨ। ਜਿੱਥੇ ਕਿਤੇ ਕੋਈ ਨੰਗਾ, ਭੁੱਖਾ, ਗ਼ਰੀਬ, ਲੋੜਵੰਦ ਦੇਖਦੇ ਉਨ੍ਹਾਂ ਦੀ ਸੇਵਾ ਕਰ ਛੱਡਦੇ ਸਨ।

ਭਾਈ ਘਨੱਈਆ ਜੀ ਦੀ 12 ਸਾਲ ਦੀ ਉਮਰ ਵਿੱਚ ਹੀ ਭਗਤ ਨਨੂਆ ਨਾਲ ਭੇਟ ਹੋਈ। ਉਨ੍ਹਾਂ ਨੂੰ ਆਪਣੀ ਤੜਪ ਦੱਸਣ'ਤੇ ਭਗਤ ਨਨੂਆ ਨੇ ਕਿਹਾ ਕਿ ਪਰਮਪਦ ਤੱਕ ਪਹੁੰਚਣ ਲਈ ਧਰੂ ਭਗਤ ਦੀ ਤਰ੍ਹਾਂ ਸਾਧਨਾ ਕਰਨ ਦੀ ਲੋੜ ਹੈ। ਭਾਈ ਘਨੱਈਆ ਸਾਧਨਾ ਲਈ ਉਨ੍ਹਾਂ ਦੀ ਸ਼ਰਨ ਵਿੱਚ ਆ ਗਏ ਪਰ ਉਨ੍ਹਾਂ ਦੀ ਸ਼ਰਨ ਬਹੁਤਾ ਸਮਾਂ ਨਾ ਮਿਲ ਸਕੀ। ਭਗਤ ਨਨੂਆ ਜੀ ਸੱਚ-ਖੰਡ ਜਾ ਬਿਰਾਜੇ, ਉਪਰੰਤ ਭਾਈ ਘਨੱਈਆ ਵਾਪਸ ਪਿੰਡ ਆ ਗਏ। ਘਰ ਪਹੁੰਚਣ 'ਤੇ ਪਿਤਾ ਨੱਥੂ ਰਾਮ ਜੀ ਅਕਾਲ ਚਲਾਣਾ ਕਰ ਗਏ। ਇਸ ਮਗਰੋਂ ਪਰਿਵਾਰ ਦਾ ਤੇ ਕਾਰੋਬਾਰ ਦਾ ਸਾਰਾ ਬੋਝ ਭਾਈ ਘਨੱਈਆ ਜੀ ਦੇ ਮੋਢਿਆਂ 'ਤੇ ਆ ਗਿਆ, ਪਰ ਆਪ ਘਰ ਦਾ ਸਭ ਕੁਝ ਤਿਆਗ ਕੇ ਜੰਗਲ ਵੱਲ ਚਲੇ ਗਏ ਅਤੇ ਭੁੱਖੇ ਭਾਣੇ ਕਈ ਦਿਨ ਜੰਗਲਾਂ ਦੀ ਖਾਕ ਛਾਣਦੇ ਫਿਰਦੇ ਰਹੇ। ਕਈ ਦਿਨਾਂ ਦੀ ਭਟਕਣ ਮਗਰੋਂ ਉਨ੍ਹਾਂ ਦਾ ਮਿਲਾਪ ਇੱਕ ਸਾਧੂ ਨਾਲ ਹੋਇਆ। ਸਾਧੂ ਤੋਂ ਪਰਮਪਦ ਦੀ ਪ੍ਰਾਪਤੀ ਦਾ ਰਸਤਾ ਪੁੱਛਿਆ। ਇੱਕ ਦਿਨ ਨਦੀ ਦੇ ਕਿਨਾਰੇ ਅੰਨ-ਜਲ ਤਿਆਗ ਕੇ ਬੈਠ ਗਏ। 31 ਦਿਨਾਂ ਬਾਅਦ ਭਾਈ ਘਨੱਈਆ ਜੀ ਨੂੰ ਸ੍ਰੀ ਆਨੰਦਪੁਰ ਸਾਹਿਬ ਜਾਣ ਦੀ ਅਕਾਸ਼ਬਾਣੀ ਹੋਈ। ਭਾਈ ਜੀ ਦਾ ਆਨੰਦਪੁਰ ਸਾਹਿਬ ਪਹੁੰਚਣ 'ਤੇ ਸਭ ਤੋਂ ਪਹਿਲਾਂ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕਰਕੇ ਮਨ ਸ਼ਾਂਤ ਹੋ ਗਿਆ। ਹਿਰਦੇ ਦੀ ਵੇਦਨਾ ਪੂਰੀ ਹੋਈ, ਘੋੜਿਆ ਦੇ ਤਬੇਲੇ 'ਚ ਘੋੜਿਆਂ ਨੂੰ ਜਲ ਛਕਾਉਣ ਦੀ ਸੇਵਾ ਕਰਨ ਲੱਗ ਪਏ। ਥੋੜ੍ਹੀ ਦੇ ਰ ਬਾਅਦ ਗੁਰੂ ਜੀ ਦੇ ਹੁਕਮ ਨਾਲ ਲਾਹੌਰ ਚਲੇ ਗਏ।

ਭਾਈ ਘਨੱਈਆ ਜੀ ਦੇ ਜਾਣ ਤੋਂ ਬਾਅਦ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਿੱਲੀ ਵਿਖੇ ਜੋਤੀ-ਜੋਤਿ ਸਮਾ ਗਏ, ਉਪਰੰਤ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰ ਗੱਦੀ ਉਪਰ ਬੈਠੇ। ਭਾਈ ਘਨੱਈਆ ਜੀ ਨੇ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕੀਤੇ ਤਾਂ ਨਦਰੀ-ਨਦਰ ਨਿਹਾਲ ਹੋ ਗਏ। ਗੁਰੂ ਜੀ ਦੇ ਦਰਸ਼ਨ ਕਰਨ ਉਪਰੰਤ ਸੇਵਾ 'ਚ ਲੱਗ ਗਏ। ਗੁਰੂ ਜੀ ਵੱਲੋਂ ਸਭ ਸਿੱਖਾਂ ਨੂੰ ਸ਼ਸਤਰਬੱਧ ਹੋਣ ਦੇ ਹੁਕਮ ਤੇ ਉਹ ਵੀ ਸ਼ਸਤਰਧਾਰੀ ਹੋ ਗਏ। ਇੱਕ ਸਿੱਖ ਨੇ ਭਾਈ ਜੀ ਨੂੰ ਪੁੱਛਿਆ ਕਿ ਤੁਸੀਂ ਤੇਗ ਕਿਸ ਨੂੰ ਮਾਰਨ ਲਈ ਧਾਰਨ ਕੀਤੀ ਹੈ ਤਾਂ ਭਾਈ ਜੀ ਨੇ ਕਿਹਾ ਕਿ ਮੈਂ ਤੇਗ ਕਿਸੇ ਨੂੰ ਮਾਰਨ ਲਈ ਨਹੀਂ ਫੜੀ ਬਲਕਿ ਜੋ ਮੈਨੂੰ ਮਾਰਨ ਆਵੇਗਾ, ਉਸ ਨੂੰ ਆਪਣੀ ਤੇਗ ਦੇ ਦੇਵਾਂਗਾ ਤਾਂ ਕਿ ਉਸ ਨੂੰ ਖੇਚਲ ਨਾ ਕਰਨੀ ਪਵੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੱਲੋਂ ਆਨੰਦਪੁਰ ਸਾਹਿਬ ਵਿੱਚ ਜ਼ਾਲਮ, ਜ਼ੁਲਮ ਤੇ ਖ਼ਾਤਮੇ ਅਤੇ ਗ਼ਰੀਬਾਂ, ਮਜ਼ਲੂਮਾਂ ਦੀ ਰੱਖਿਆ ਲਈ ਧਰਮ ਯੁੱਧ ਹੋ ਰਹੇ ਸਨ। ਧਰਮ ਯੁੱਧ ਵਿੱਚ ਸਿੰਘ ਅਤੇ ਦੁਸ਼ਮਣ ਦੋਨੋਂ ਹੀ ਜ਼ਖ਼ਮੀ ਹੋ ਜਲ ਦੀ ਮੰਗ ਕਰ ਰਹੇ

ਸਨ । ਭਾਈ ਘਨੱਈਆ ਜੀ ਨੇ ਚਮੜੇ ਦੀ ਮਸ਼ਕ ਜਲ ਦੀ ਭਰ ਕੇ ਸਭ ਵਿੱਚ ਸਰਬ-ਵਿਆਪਕ ਇੱਕ ਜੋਤ ਜਾਣ ਜਲ ਛਕਾਉਣਾ ਸ਼ੁਰੂ ਕਰ ਦਿੱਤਾ । ਜਿੱਥੋਂ ਕਿਤੋਂ ਵੀ ਜਲ ਦੀ ਆਵਾਜ਼ ਸੁਣਦੇ, ਜਲ ਛਕਾ ਆਉਂਦੇ, ਭਾਵੇਂ ਕੋਈ ਗੁਰੂ ਦਾ ਸਿੰਘ ਸੀ, ਭਾਵੇਂ ਕੋਈ ਦੁਸ਼ਮਣ ਦਾ ਸਿਪਾਹੀ । ਭਾਈ ਘਨੱਈਆ ਜੀ ਦੇ ਮਨ ਵਿੱਚ ਇਹ ਵੀਚਾਰ ਕੋਈ ਨਹੀਂ ਸੀ, ਦੋਵਾਂ ਵਿੱਚ ਇੱਕ ਜੋਤ ਸਮਝ ਜਲ ਛਕਾ ਰਹੇ ਸਨ । ਦੁਸ਼ਮਣਾਂ ਨੂੰ ਜਲ ਛਕਾਉਂਦੇ ਦੇਖ ਸਿੰਘਾਂ ਨੇ ਰੋਕਿਆ, ਘਨੱਈਆ ! ਇਹ ਗੁਰੂ ਜੀ ਦੇ ਦੁਸ਼ਮਣ ਹਨ । ਤੁਸੀਂ ਇਨ੍ਹਾਂ ਨੂੰ ਜਲ ਨਾ ਛਕਾਉ । ਭਾਈ ਘਨੱਈਆ ਜੀ ਨੇ ਸੁਣੀ-ਅਣਸੁਣੀ ਕਰ ਦਿੱਤੀ । ਬਿਨਾਂ ਵਿਤਕਰੇ ਦੇ ਜਲ ਛਕਾਉਂਦੇ ਸੇਵਾ ਕਮਾਉਂਦੇ ਰਹੇ । ਗੁਰੂ ਜੀ ਪਾਸ ਸਿੰਘਾਂ ਨੇ ਸ਼ਿਕਾਇਤ ਕੀਤੀ ਕਿ ਅਸੀਂ ਮੁਗ਼ਲਾਂ ਨੂੰ ਜ਼ਖ਼ਮੀ ਕਰਦੇ ਹਾਂ ਪਰ ਭਾਈ ਘਨੱਈਆ ਇਨ੍ਹਾਂ ਨੂੰ ਪਾਣੀ ਪਿਲਾ ਕੇ ਮੁੜ ਜੀਵਿਤ ਕਰ ਦਿੰਦੇ ਹਨ । ਗੁਰੂ ਜੀ ਨੇ ਭਾਈ ਘਨੱਈਆ ਜੀ ਨੂੰ ਬੁਲਾ ਕੇ ਜਦੋਂ ਪੁੱਛਿਆ ਤਾਂ ਭਾਈ ਜੀ ਨੇ ਨਿਮਰਤਾ ਸਹਿਤ ਉਤਰ ਦਿੱਤਾ, ਗ਼ਰੀਬ ਨਿਵਾਜ ਸਾਹਿਬ ਜੀਓ ! ਮੈਨੂੰ ਤਾਂ ਹਰ ਇੱਕ ਵਿੱਚ ਆਪ ਦਾ ਹੀ ਰੂਪ ਦਿਖਾਈ ਦਿੰਦਾ ਹੈ । ਭਾਈ ਘਨੱਈਆ ਜੀ ਦੇ ਮੁੱਖ ਤੋਂ ਬਚਨ ਸੁਣ ਕੇ ਗੁਰੂ ਸਾਹਿਬ ਬੋਲੇ, ਐ ਖ਼ਾਲਸਾ ਜੀ । ਭਾਈ ਘਨੱਈਆ ਜੋ ਕੁਝ ਬੋਲ ਰਿਹਾ ਹੈ ਇਹ ਇੱਕ ਪੂਰਨ ਸਾਧ ਦੀ ਬਾਣੀ ਦਾ ਚਰਿੱਤਰ ਹੈ । ਇਸ ਪੂਰਨ ਪੁਰਖ ਘਨੱਈਏ ਦੇ ਮਨ ਦੀ ਅਵਸਥਾ ਬੜੀ ਉੱਚੀ ਹੈ । ਗੁਰੂ ਸਾਹਿਬ ਨੇ ਭਾਈ ਘਨੱਈਆ ਜੀ ਨੂੰ ਮਲ੍ਹਮ ਦੀ ਡੱਬੀ ਬਖ਼ਸ਼ਿਸ਼ ਕੀਤੀ ਤੇ ਕਿਹਾ ਕਿ ਜਿੱਥੇ ਪਾਣੀ ਪਿਲਾਉਣ ਦੀ ਸੇਵਾ ਕਰਦੇ ਹੋ, ਉੱਥੇ ਜ਼ਖ਼ਮੀਆਂ ਦੇ ਜ਼ਖ਼ਮਾਂ ਤੇ ਮਲ੍ਹਮ-ਪੱਟੀ ਕਰਨ ਦੀ ਸੇਵਾ ਵੀ ਕਰਿਆ ਕਰੋ

ਕਲਗ਼ੀਧਰ ਪਾਤਸ਼ਾਹ ਜਦੋਂ ਆਨੰਦਪੁਰ ਸਾਹਿਬ ਤੋਂ ਰਵਾਨਾ ਹੋਏ ਤਾਂ ਉਨ੍ਹਾਂ ਭਾਈ ਘਨੱਈਆ ਜੀ ਨੂੰ ਆਪਣੇ ਪਿੰਡ 'ਕਹਵਾ' ਵਿੱਚ ਜਾ ਕੇ ਪ੍ਰਚਾਰ ਕਰਨ ਲਈ ਕਿਹਾ ਭਾਈ ਘਨੱਈਆ ਜੀ ਨੇ ਆਪਣੇ ਅੰਤਲੇ 10 ਕੁ ਸਾਲ ਪਿੰਡ ਹੀ ਬਿਤਾਏ । ਪਿੰਡ ਕਹਵਾ ਵਿੱਚ ਥਾਂ-ਥਾਂ ਜਾ ਕੇ ਗੁਰਮਤਿ ਦਾ ਪ੍ਰਚਾਰ ਕਰਦੇ ਹੋਏ । ਭਾਈ ਘਨੱਈਆ ਜੀ ਸਹਿਜ ਅਵਸਥਾ ਵਿੱਚ ਵਿਚਰਨ ਵਾਲੇ ਸੇਵਾ ਦੇ ਪੁਤਲੇ ਸਨ । ਭਾਈ ਸਾਹਿਬ ਨੂੰ ਸੇਵਾ - ਸਿਮਰਨ ਦੇ ਨਾਲ ਕੀਰਤਨ ਦਾ ਬਹੁਤ ਸ਼ੌਕ ਸੀ । ਹਰ ਰੋਜ਼ ਅੰਮ੍ਰਿਤ ਵੇਲੇ ਤੋਂ ਸੂਰਜ ਨਿਕਲਣ ਤੱਕ ਕੀਰਤਨ ਕਰਦੇ ਤੇ ਸੁਣਦੇ । ਇੱਕ ਦਿਨ ਆਪ ਦਾ ਸਰੀਰ ਕੁਝ ਢਿੱਲਾ ਹੋ ਗਿਆ, ਅੰਮ੍ਰਿਤ ਵੇਲੇ ਇਸ਼ਨਾਨ ਕਰਨ ਉਪਰੰਤ ਨਿੱਤ-ਨੇਮ ਦੀਆਂ ਪੰਜ ਬਾਣੀਆਂ ਦਾ ਪਾਠ ਕਰਕੇ ਸਮਾਧੀ ਲਾਈ । ਕੀਰਤਨ ਸੁਣਦੇ-ਸੁਣਦੇ ਹੀ ਆਪਣੇ ਪਿੰਡ ਸੋਦਰੇ ਵਿਖੇ 20 ਸਤੰਬਰ ਸੰਨ 1718 ਈਸਵੀ ਨੂੰ 70 ਸਾਲ ਦੀ ਉਮਰ ਬਤੀਤ ਕਰਕੇ ਗੁਰੂ ਚਰਨਾਂ ਵਿੱਚ ਅਭੇਦ ਹੋ ਗਏ ।

ਸੇਵਾ ਦੇ ਪੁੰਜ, ਅਮਨਦੂਤ,ਮਾਨਵਵਾਦੀ, ਸਮਦਰਸ਼ੀ, ਬ੍ਰਹਮ-ਗਿਆਨੀ ਭਾਈ ਘਨੱਈਆ ਜੀ ਦੀ 289ਵੀਂ ਸਾਲਾਨਾ ਬਰਸੀ ਮਿਤੀ 18,19,20 ਸਤੰਬਰ ਦਿਨ ਮੰਗਲਵਾਰ , ਬੁੱਧਵਾਰ ਤੇ ਵੀਰਵਾਰ ਨੂੰ ਸੇਵਾ ਸਥਾਨ ਭਾਈ ਘਨੱਈਆ ਜੀ ਸ੍ਰੀ ਆਨੰਦਪੁਰ ਸਾਹਿਬ (ਰੋਪੜ) ਵਿਖੇ ਸਮੁੱਚੇ ਸੇਵਾ ਪੰਥ ਵੱਲੋਂ ਬੜੀ ਸ਼ਰਧਾ, ਪ੍ਰੇਮ ਤੇ ਉਤਸ਼ਾਹ ਨਾਲ ਮਨਾਈ ਜਾ ਰਹੀ ਹੈ । 19 ਸਤੰਬਰ ਰਾਤ ਨੂੰ ਮਹਾਨ ਕੀਰਤਨ ਦਰਬਾਰ ਹੋਵੇਗਾ, ਜਿਸ ਵਿੱਚ ਉੱਚ ਕੋਟੀ ਦੇ ਰਾਗੀ, ਪ੍ਰਚਾਰਕ, ਢਾਡੀ ਜਥੇ ਅੰਮ੍ਰਿਤਮਈ ਬਾਣੀ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ । 20 ਸਤੰਬਰ ਨੂੰ ਬਰਸੀ ਦਿਹਾੜੇ ਸਵੇਰੇ 9 ਵਜੇ ਅਖੰਡ ਪਾਠ ਦੀ ਸਮਾਪਤੀ ਉਪਰੰਤ ਵਿਸ਼ੇਸ਼ ਦੀਵਾਨ ਸਜੇਗਾ 11 ਵਜੇ ਤੋਂ 1 ਵਜੇ ਤੱਕ ਸੰਤ ਸੰਮੇਲਨ ਹੋਵੇਗਾ ਜਿਸ ਵਿੱਚ ਸੇਵਾ-ਪੰਥੀ, ਨਿਰਮਲੇ, ਉਦਾਸੀ, ਸੰਤ-ਮਹੰਤ ਆਪਣੇ ਮਨੋਹਰ ਪ੍ਰਵਚਨ ਸਰਵਣ ਕਰਾਉਣਗੇ । ਗੁਰੂ ਕਾ ਲੰਗਰ ਅਤੁੱਟ ਵਰਤੇਗਾ ।

# ੴ

# ਅਮਨ, ਸ਼ਾਂਤੀ ਤੇ ਸੇਵਾ ਦੇ ਪ੍ਰਤੀਕ

## ਭਾਈ ਘਨੱਈਆ ਤੇ ਹੈਨਰੀ ਡਿਊਨਾਂ

ਅੰਤਰ-ਰਾਸ਼ਟਰੀ ਰੈੱਡ ਕਰਾਸ ਦੇ ਬਾਨੀ ਹੈਨਰੀ ਡਿਊਨਾਂ ਹੋਏ ਹਨ। ਜਦੋਂ ਕਿ ਪੌਣੇ ਦੋ ਸੌ ਸਾਲ ਪਹਿਲਾ ਪੰਜਾਬ ਵਿੱਚ ਭਾਈ ਘਨੱਈਆ ਸਾਹਿਬ ਭਾਰਤੀ ਰੈੱਡ ਕਰਾਸ ਦੇ ਪਹਿਲੇ ਪ੍ਰਵਰਤਕ ਮੰਨੇ ਜਾਂਦੇ ਹਨ ।

"ਸ਼੍ਰੀ ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ" ਦੀਆਂ ਮੇਹਰਾਂ ਭਰੀ ਦ੍ਰਿਸ਼ਟੀ ਦੀ ਉਪਜ ਅਤੇ ਦਸਮੇਸ਼ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਹਿਮਤਾਂ ਨਾਲ ਵਰੋਸਾਏ ਸਮਦਰਸ਼ੀ ਭਾਈ ਘਨੱਈਆ ਸਾਹਿਬ ਤੋਂ ਸੇਵਾ ਪੰਥੀ ਸੰਪਰਦਾਇ ਦਾ ਮੁੱਢ ਬੱਝਿਆ। ਭਾਈ ਘਨੱਈਆ ਜੀ ਨੇ ਦੁਸ਼ਟ ਦਮਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਅਨਿਆਂ ਤੇ ਜ਼ੁਲਮ ਵਿਰੁੱਧ ਲੜੇ ਗਏ ਜੰਗਾਂ-ਯੁੱਧਾਂ (1704 ਈ:) ਵਿੱਚ ਬਿਨ੍ਹਾਂ ਕਿਸੇ ਵਿਤਕਰੇ ਜਾਂ ਦੂਈ ਭਾਵ ਦੇ ਵੈਰੀ-ਮਿੱਤਰ ਨੂੰ ਇਕ ਸਮਾਨ ਜਲ ਛਕਾਉਣ ਤੇ ਮਰ੍ਹਮ ਪੱਟੀ ਕਰਨ ਦੀ ਅਦੁੱਤੀ ਸੇਵਾ ਕਮਾਈ ਅਤੇ ਸੰਸਾਰ ਨੂੰ ਗੁਰਮਿਤ ਵਿੱਚ ਦਰਸਾਏ ਸੇਵਾ ਸਿਧਾਂਤਾਂ ਤੇ ਸੰਕਲਪਾਂ ਦੀ ਅਮਲੀ ਰੂਪ ਵਿੱਚ ਸੋਝੀ ਕਰਵਾਈ। ਜਿਸ ਨੂੰ ਵਰਤਮਾਨ ਸਮੇਂ ਉਨ੍ਹਾਂ ਦੇ ਪੱਥ-ਪ੍ਰਦਰਸ਼ਕ ਸੇਵਾ ਪੰਥੀਆਂ ਨੇ ਅਪਣਾਇਆ ਹੋਇਆ ਹੈ।

ਇਸ ਤਰ੍ਹਾਂ ਪੱਛਮ ਵਿਚ ਜਨੇਵਾ ਦੇ ਜੰਮਪਲ ਹੈਨਰੀ ਡਿਊਨਾਂ ਨੇ 1859 ਵਿੱਚ ਸਾਲਫਰੀਨੋ ਦੀ ਭਿਆਨਕ ਲੜਾਈ ਵਿੱਚ ਜ਼ਖ਼ਮੀਆਂ ਦੀ ਨਿਸ਼ਕਾਮ ਸੇਵਾ ਕਮਾਈ। ਮੁੜ ਸਾਰਾ ਜੀਵਨ ਤੇ ਸਾਰੀ ਪੂੰਜੀ ਰੈੱਡ ਕਰਾਸ ਸੁਸਾਇਟੀ ਦੇ ਰੂਪ ਵਿੱਚ ਪ੍ਰਦਾਨ ਕਰ ਗਏ। ਆਪ ਤਰਸ, ਰਹਿਮ, ਤਿਆਗ, ਸੇਵਾ ਤੇ ਕੁਰਬਾਨੀ ਦੀ ਭਾਵਨਾ ਸਦਕਾ ਜੱਗ ਵਿੱਚ ਅਮਰ ਹਨ। ਇਸ ਤਰ੍ਹਾਂ ਸੇਵਾ ਪੰਥ ਦੇ ਮੋਢੀ ਭਾਈ ਘਨੱਈਆ ਸਾਹਿਬ ਤੇ ਰੈੱਡ ਕਰਾਸ ਦੇ ਜਨਮ ਦਾਤਾ ਹੈਨਰੀ ਡਿਊਨਾਂ ਅਮਨ ਸ਼ਾਂਤੀ, ਸੇਵਾ ਦੇ ਪ੍ਰਤੀਕ ਵਜੋ ਜਾਣੇ ਜਾਂਦੇ ਹਨ।

'ਭਾਈ ਅਨੱਈਆ ਸੇਵਾ ਜੋਤੀ' ਭਾਈ ਘਨੱਈਆ ਸਾਹਿਬ ਦੇ ਮਿਸ਼ਨ ਦੀ ਤਰਜਮਾਨੀ ਕਰਦੀ ਹੈ ਅਤੇ ਉਨ੍ਹਾਂ ਦਾ ਸੰਦੇਸ਼ ਘਰ-ਘਰ ਪਹੁੰਚਾਉਣ ਲਈ ਯਤਨਸ਼ੀਲ ਹੈ। ਪੱਤਰ ਲਿਖ ਕੇ 'ਸੇਵਾ ਜੋਤੀ' ਮੰਗਵਾਓ, ਪੜ੍ਹੋ ਤੇ ਲਾਭ ਉਠਾਓ ।

ਹਿਤੂ,

**ਚਮਨ ਸਿੰਘ 'ਚਮਨ'**

ਚੀਫ ਅਡੀਟਰ

# ਭਾਈ ਕਨ੍ਹੱਯਾ ਜੀ ਦਾ ਪਹਿਲਾ ਜਾਨਸ਼ੀਨ ਨੂਰੀ ਸ਼ਾਹ

– ਮਹੰਤ ਤੀਰਥ ਸਿੰਘ 'ਸੇਵਾ ਪੰਥੀ'

ਜਦੋਂ ਅਨੰਦਪੁਰ ਸਾਹਿਬ ਦੇ ਆਲੇ ਦੁਆਲੇ ਮੁਗਲ ਫੌਜਾਂ ਦਾ ਘੇਰਾ ਪਾਇਆ ਹੋਇਆ ਲੜਾਈ ਚੱਲ ਰਹੀ ਸੀ। ਭਾਈ ਕਨ੍ਹੱਯਾ ਜੀ ਲੜਾਈ ਦੇ ਮੈਦਾਨ ਵਿੱਚ ਬਿਨਾਂ ਵਿਤਕਰੇ ਦੇ ਪਾਣੀ ਪਿਲਾਣ ਦੀ ਸੇਵਾ ਕਰਦੇ ਪਾਣ. ਦੀ ਮਸ਼ਕ ਮੋਢੇ ਤੇ ਰੱਖ ਫਿਰਦੇ ਰਹਿੰਦੇ। ਇਕ ਦਿਨ ਲੜਾਈ ਬੰਦ ਹੋਣ ਤੋਂ ਬਾਅਦ ਅੱਧੀ ਰਾਤ ਸਮੇਂ ਭਾਈ ਕਨ੍ਹੱਯਾ ਵਾਪਸ ਜਾ ਰਹੇ ਸੀ। ਹਾਏ ਪਾਣੀ ! ਹਾਏ ਪਾਣੀ ! ਦੀ ਅਵਾਜ਼ ਸੁਣੀ, ਭਾਈ ਕਨ੍ਹੱਯਾ ਆਵਾਜ਼ ਵਾਲੀ ਥਾਂ ਤੇ ਪਹੁੰਚ ਗਏ ਦੇਖਿਆ ਇਕ ਮੁਸਲਮਾਨ ਸਿਪਾਹੀ ਜ਼ਖ਼ਮੀ ਹੋਇਆ ਪਿਆ ਸੀ ਤੇ ਕਿਹਾ ਕਿ ਲੈ ਉਠ ਕੇ ਪਾਣੀ ਪੀ ਲੈ, ਉਹ ਜ਼ਖ਼ਮੀ ਪਿਆ ਸਿਪਾਹੀ ਕਹਿੰਦਾ ਹੈ, ਖ਼ੁਦਾ ਤੇਰਾ ਭਲਾ ਕਰੇ, ਤੈਨੂੰ ਖ਼ੁਦਾ ਨੇ ਭੇਜਿਆ ਪਾਣੀ ਲੈ ਕੇ ਆਇਆ ਹੈ, ਪਰ ਮੈਨੂੰ ਚੋਟਾਂ ਵੱਜੀਆਂ ਹਨ, ਸਰੀਰ ਦਾ ਅੰਗ-ਅੰਗ ਟੁੱਟਾ ਪਿਆ ਹੈ। ਮੇਰੇ ਵਿੱਚ ਇਤਨੀ ਤਾਕਤ ਨਹੀਂ ਕਿ ਉਠਕੇ ਮੂੰਹ ਤੇ ਹੱਥ ਰੱਖਕੇ ਤੇਰੀ ਮਸ਼ਕ ਦਾ ਪਾਣੀ ਪੀ ਸਕਾਂ। ਤੂੰ ਆਪ ਹੀ ਮੈਨੂੰ ਉਠਾ ਕੇ ਮੇਰੇ ਮੂੰਹ ਤੇ ਹੱਥ ਰੱਖਕੇ ਮੇਰੇ ਮੂੰਹ ਵਿੱਚ ਪਾਣੀ ਪਾ ਦੇ। ਸ਼ਾਇਦ ਬਚ ਜਾਵਾਂ, ਨਹੀਂ ਮਰਨ ਕਰੀਬ ਹਾਂ ।

ਭਾਈ ਕਨ੍ਹੱਯਾ ਜੀ ਉਸ ਕੋਲ ਬੈਠ ਗਏ। ਉਠਾ ਕੇ ਉਸ ਦੀ ਪਿੱਠ ਪਿੱਛੇ ਗੋਡਾ ਦੇ ਕੇ ਬਿਠਾ ਦਿੱਤਾ। ਉਸ ਦੇ ਮੂੰਹ ਤੇ ਆਪਣਾ ਹੱਥ ਰੱਖ ਕੇ ਪਾਣੀ ਪਿਲਾਇਆ ਤੇ ਉਸ ਦੀ ਜਾਨ ਵਿੱਚ ਜਾਨ ਆਈ। ਕਹਿਣ ਲੱਗਾ, ਖ਼ੁਦਾ ਤੇਰਾ ਭਲਾ ਕਰੇ ਤੂੰ ਮਰਦੇ ਨੂੰ ਬਚਾਇਆ ਹੈ, ਤੂੰ ਕੌਣ ਹੈ ? ਤੇਰਾ ਨਾਮ ਕੀ ਹੈ ?

ਭਾਈ ਜੀ ਨੇ ਕਿਹਾ, ਕਿ ਮੇਰਾ ਨਾਮ ਘਨੱਈਆ ਹੈ, ਮੈਂ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਹਾਂ। ਇਹ ਸੁਣ ਕੇ ਸਿਪਾਹੀ ਵੀ ਕਹਿਣ ਲੱਗਾ, ਤੂੰ ਮੈਨੂੰ ਗਲਤੀ ਨਾਲ ਪਾਣੀ ਪਿਆ ਬੈਠਾ। ਭਾਈ ਕਨ੍ਹੱਯਾ ਕਹਿਣ ਲੱਗੇ, ਨਹੀਂ ਮੈਨੂੰ ਪਤਾ ਹੈ ਤੂੰ ਨੂਰੀ ਸ਼ਾਹ ਹੈ ਅੱਜ ਤੂੰ ਬੜੇ ਸਿੱਖ ਮਾਰੇ ਹਨ ਸਿੰਘ ਤੈਨੂੰ ਮਾਰ ਕੇ, ਮੁਰਦਾ ਕਰਕੇ ਸੁੱਟ ਗਏ ਹਨ, ਪਰ ਤੇਰੀ ਜਾਨ ਅਜੇ ਸੀ ਤੇ ਬਚ ਗਿਆ, ਅੱਛਾ ਤੂੰ ਮੈਨੂੰ ਮੁਸਲਮਾਨ ਸਮਝ ਕੇ ਪਾਣੀ ਪਿਲਾਇਆ ਹੈ, ਤੈਨੂੰ ਗੁਰੂ ਮੁਸਲਮਾਨਾਂ ਨੂੰ ਪਾਣੀ ਪਿਲਾਉਣ ਤੋਂ ਰੋਕਦਾ ਨਹੀਂ । ਭਾਈ ਕਨ੍ਹੱਯਾ ਨੇ ਕਿਹਾ ਕਿ, ਨਹੀਂ ਮੈਨੂੰ ਗੁਰੂ ਦਾ ਹੁਕਮ ਹੈ ਜੋ ਵੀ ਜ਼ਖ਼ਮੀ ਹੈ ਖੁਦਾ ਦਾ ਬੰਦਾ ਹੈ ਖੁਦਾ ਨੂਰ ਸਮਝ ਕੇ ਪਾਣੀ ਪਿਲਾਉਣਾ ਹੈ। ਇਸ ਲੜਾਈ ਤੋਂ ਬਾਅਦ ਇਹ ਨੂਰੀ ਸ਼ਾਹ ਭਾਈ ਕਨ੍ਹੱਯਾ ਜੀ ਦੇ ਡੇਰੇ ਕਹਿਵਾ ਨਗਰ ਜਿਲਾ ਕੈਮਲਪੁਰ ਪਾਕਿਸਤਾਨ ਵਿੱਚ ਸਾਰੀ ਉਮਰ ਸੇਵਾ ਕਰਦਾ ਰਿਹਾ। ਉਹ ਡੇਰਾ ਕਹਿਵਾ ਨੂੰ ਨੂਰੀ ਸ਼ਾਹ ਦੇ ਹਵਾਲੇ ਕਰਕੇ ਉਸ ਡੇਰੇ ਦਾ ਮਹੰਤ ਥਾਪ ਕੇ ਆਪ ਆਪਣੀ ਜਨਮ ਭੂਮੀ ਸੋਹਦਰਾ ਜ਼ਿਲ੍ਹਾ ਗੁਜਰਾਂਵਾਲਾ ਆ ਗਿਆ।

# ਭਾਈ ਕਨ੍ਹਈਆ ਸਾਹਿਬ ਦੀ ਅਮਰ ਕਹਾਣੀ

-ਗਿ: ਪ੍ਰਿਤਪਾਲ ਸਿੰਘ ਮਸਕੀਨ, ਜੈਪੁਰ

ਭਾਈ ਕਨ੍ਹਈਆ ਸਾਹਿਬ ਦੀ ਇਹ ਅਮਰ ਕਹਾਣੀ ।
ਜਿਨ੍ਹਾਂ ਪਿਲਾਇਆ ਜੰਗ ਵਿਚ ਤੁਰਕਾਂ ਨੂੰ ਪਾਣੀ ।
ਕਲਗੀਧਰ ਨੇ ਪੁੱਛਿਆ ਕੀ ਕਰਮ ਕਮਾਓ ।
ਵੈਰੀ ਤੁਰਕ ਦੇ ਮੁਖ ਵਿਚ ਪਿਉਂ ਪਾਣੀ ਪਾਓ ।
ਸੀਸ ਝੁਕਾਕੇ ਬੋਲਿਆ ਮੇਰੇ ਪ੍ਰੀਤਮ ਪਿਆਰੇ ।
ਵੈਰੀ ਨਜ਼ਰ ਨਾ ਆਂਵਦਾ ਮੈਂ ਜਾ ਬਲਿਹਾਰੇ ।
ਪਾਣੀ ਜਿਨੂੰ ਪਿਲਾਂਵਦਾ ਤੇਰਾ ਦਰਸ਼ਨ ਪਾਵਾਂ ।
ਨਾ ਕੋਈ ਵੈਰੀ ਦਿਸਦਾ ਮੈਂ ਸੱਚ ਸੁਨਾਵਾਂ ।
ਅਵਲ ਅੱਲਾ ਨੂਰ ਉਪਾਇਆ ਕੁਦਰਤ ਏ ਸਭ ਬੰਦੇ ।
ਇਕ ਨੂਰ ਤੇ ਸਭ ਜਗ ਉਪਜਿਆ ਕੌਣ ਭਲੇ ਕੋ ਮੰਦੇ ।
ਸਿੱਖ ਦੇ ਪਿਆਰੇ ਬੋਲ ਸੁਣ ਸਤਿਗੁਰ ਮੁਸਕਾਏ ।
ਉਠ ਗਲੇ ਨਾਲ ਲਾ ਲਿਆ ਨੇਤਰ ਭਰ ਆਏ ।
ਡੱਬੀ ਕਢਕੇ ਮਲ੍ਹਮ ਦੀ ਸਤਿਗੁਰਾਂ ਫੜਾਈ ।
ਖੁਸ਼ ਹੋ ਵਾਹਿਗੁਰ ਬੋਲਦੇ ਤੇਰੀ ਧੰਨ ਕਮਾਈ ।
ਲੋੜ ਪਵੇ ਤਾਂ ਮਲ੍ਹਮ ਵੀ ਫੱਟਾਂ ਤੇ ਲਾਵੀਂ ।
ਰਬ ਦੀ ਖਲਕਤ ਜਾਨ ਕੇ ਰੱਜ ਸੇਵ ਕਮਾਵੀਂ ।
ਸੇਵਾ ਤੇਰੀ ਜੁ ਗ ਵਿੱਚ ਦੁਨੀਆਂ ਨੂੰ ਤਾਰੇ ।
ਚਮਕੇਗੀ ਚੰਨ ਵਾਂਗਰਾਂ ਮੇਰੇ ਲਾਲ ਪਿਆਰੇ ।
ਭਾਈ ਕਨ੍ਹਈਆ ਸਾਹਿਬ ਨੇ ਜੋ ਸੇਵ ਕਮਾਈ ।
ਸੇਵਾ ਪੰਥੀ ਨਾਮ ਦੀ ਸੰਪ੍ਰਦਾ ਚਲਾਈ ।
ਸੇਵਾ ਰਾਮ ਤੇ ਅੱਡਣ ਸ਼ਾਹ ਭੱਲਾ ਰਾਮ ਪਿਆਰੇ ।

ਭਾਈ ਜਗਤਾ ਸਾਹਿਬ ਨੇ ਕਈ ਡੁੱਬਦੇ ਤਰੇ ।
ਰਲਾ ਰਾਮ ਤੇ ਲਖਮੀ ਦਾਸ ਨੇ ਸੇਵ ਸੰਭਾਲੀ ।
ਸੇਵਾ ਪੰਥੀ ਬਾਗ ਦੇ ਬਨ ਕੇ ਤੇ ਮਾਲੀ ।
ਭਾਈ ਹਜਾਰੀ ਰਾਮ ਨੇ ਰੱਜ ਘਾਲ ਕਮਾਈ ।
ਭਾਈ ਸਹਾਈ ਰਾਮ ਨੇ ਬਹੁ ਸੋਭਾ ਪਾਈ ।
ਫਿਰ ਆਏ ਮਹੰਤ ਗੁਲਾਬ ਸਿੰਘ ਆ ਮਹਿਕ ਖਿਲਾਰੀ ।
ਸੇਵਾ ਸਿਮਰਨ ਸਾਦਗੀ ਵਿਚ ਉਮਰ ਗੁਜਾਰੀ ।
ਦਰਸ਼ਨ ਕਰਨ ਦੇ ਵਾਸਤੇ ਅੰਮ੍ਰਿਤਸਰ ਆਏ ।
ਹਰਿਮੰਦਰ ਵਿਚ ਆਨ ਕੇ ਰੱਜ ਦਰਸ਼ਨ ਪਾਏ ।
ਕੀਤਾ ਜਾ ਇਸ਼ਨਾਨ ਸੀ ਸੁਹਣੇ ਸਰ ਅੰਦਰ ।
ਸਿਮਰਨ ਕਰਦੇ ਬੈਠ ਕੇ ਸੁਹਣੇ ਹਰੀ ਮੰਦਰ ।
ਉਥੇ ਹੀ ਕਰਤਾਰ ਦਾ ਆ ਗਿਆ ਬੁਲਾਵਾ ।
ਸੰਗੀ ਸਾਥੀ ਛੱਡ ਕੇ ਝਟ ਕੀਤਾ ਧਾਵਾ ।
ਪਹੁੰਚੇ ਜਾਕੇ ਸਚਖੰਡ ਭਾਵੀ ਵਰਤਾਈ ।
ਹੁਕਮ ਮੰਨੋ ਕਰਤਾਰ ਦਾ ਜੋਤੀ ਜੋਤ ਮਿਲਾਈ ।
ਫਿਰ ਆਸਾ ਸਿੰਘ ਮਹੰਤ ਨੇ ਉਪਕਾਰ ਕਮਾਏ ।
ਕਾਲਜਾਂ ਅਤੇ ਸਕੂਲਾਂ ਦੇ ਆ ਜਾਲ ਵਿਛਾਏ ।
ਉਪਕਾਰੀ ਮਹਾਂਪੁਰਸ਼ਾਂ ਨੇ ਉਪਕਾਰ ਕਮਾਏ ।
ਘਲੇ ਆਵੈ ਨਾਨਕਾ ਸਦੇ ਉਠੀ ਜਾਏ ।
ਸੇਵਕ ਤੀਰਥ ਸਿੰਘ ਨੂੰ ਆਪ ਤਿਲਕ ਲਗਾਇਆ ।
ਟਿਕਾਣਾ ਜਗਤਾ ਸਾਹਿਬ ਦਾ ਮਹੰਤ ਬਨਾਇਆ ।
ਸੇਵਾ ਕਰ ਕੇ ਜਗਤ ਦੀ ਪਾਈ ਵਡਿਆਈ ।
ਮਹਿਮਾ ਕਥੀ ਨਾ ਜਾਂਵਦੀ ਐਸੀ ਘਾਲ ਕਮਾਈ ।
ਤੀਰਥ ਸਿੰਘ ਮਹੰਤ ਜੀ ਪਿਆਰਾ ਦੇ ਬਾਨੀ ।
ਸੇਵਾ ਸਿਮਰਨ ਵਿਚ ਨਾ ਕੋਈ ਹੋਵੇ ਸਾਨੀ ।
ਸੇਵਾ ਜੋਤੀ ਉਨ੍ਹਾਂ ਦੀ ਪਈ ਚਮਕਾਂ ਮਾਰੇ ।
ਜਸ ਗਾਇਆ ਮਸਕੀਨ ਨੇ ਸਤਿਗੁਰਾਂ ਦੁਆਰੇ ।

## ਭਾਈ ਘਨੱਈਆ ਸਾਹਿਬ ਤੋਂ ਪ੍ਰਚਲਿਤ 'ਸੇਵਾ ਪੰਥੀ ਸੰਪਰਦਾਇ' ਨਾਲ ਸੰਬਧਿਤ ਪਾਵਨ ਸੇਵਾ ਅਸਥਾਨਾਂ (ਟਿਕਾਣਿਆਂ/ਡੇਰਿਆਂ) ਤੇ ਉਨ੍ਹਾਂ ਦੇ

## **ਮੁੱਖ ਸੇਵਾਦਾਰਾਂ ਦੀ ਸੂਚੀ**

| ਲੜੀ ਨੰ: | ਮੁਖੀ ਸੇਵਾਦਾਰ ਸੰਤ-ਮਹੰਤ ਤੇ ਪਾਵਨ ਅਸਥਾਨ | ਕੋਡ ਨੰ: | ਫੋਨ ਨੰ: |
|---|---|---|---|
| 1. | ਸ਼੍ਰੀਮਾਨ ਮਹੰਤ ਤੀਰਥ ਸਿੰਘ ਜੀ 'ਸੇਵਾ ਪੰਥੀ'<br>ਟਿਕਾਣਾ ਭਾਈ ਜਗਤਾ ਜੀ ਸਾਹਿਬ, (ਨੂਰਪੁਰ ਥਲ)<br>ਗੋਨਿਆਣਾ ਮੰਡੀ, ਬਠਿੰਡਾ -151201 | 0164 | (R) 2262012<br>Fax: 2262657<br>98140-32957 |
| 2. | ਸ਼੍ਰੀਮਾਨ ਮਹੰਤ ਮੱਖਣ ਸਿੰਘ ਜੀ'ਸੇਵਾ ਪੰਥੀ'<br>ਡੇਰਾ ਸੰਤ ਅਮੀਰ ਸਿੰਘ ਜੀ, ਗਲੀ ਸੱਤੋਵਾਲੀ,<br>ਕਟੜਾ ਕਰਮ ਸਿੰਘ, ਅੰਮ੍ਰਿਤਸਰ-143001 | 0183 | 2528565<br>2529989<br>98150-45656 |
| 3. | ਸ਼੍ਰੀਮਾਨ ਮਹੰਤ ਸੁਰਜੀਤ ਸਿੰਘ ਜੀ 'ਸੇਵਾ ਪੰਥੀ'<br>ਸੇਵਾ ਪੰਥੀ ਆਸ਼ਰਮ,ਸ਼ਹੀਦ ਊਧਮ ਸਿੰਘ ਨਗਰ,<br>ਚਾਟੀਵਿੰਡ ਗੇਟ, ਅੰਮ੍ਰਿਤਸਰ-143001 | 0183 | 2482064<br>2483614<br>98150-22712 |
| 4. | ਸ਼੍ਰੀਮਾਨ ਸੰਤ ਸੁਰਿੰਦਰ ਸਿੰਘ ਜੀ 'ਸੇਵਾ ਪੰਥੀ'<br>ਡੇਰਾ ਮਿਠਾ ਟਿਵਾਣਾ, ਚੌਕ ਬਾਬਾ ਸਾਹਿਬ,<br>ਅੰਮ੍ਰਿਤਸਰ | 0183 | 2540357<br>98140-52357 |
| 5. | ਸ਼੍ਰੀਮਾਨ ਮਹੰਤ ਬਲਬੀਰ ਸਿੰਘ ਜੀ 'ਸੇਵਾ ਪੰਥੀ'<br>ਡੇਰਾ ਮਹੰਤ ਭੋਲਾ ਸਿੰਘ ਜੀ, ਕਟੜਾ ਕਰਮ ਸਿੰਘ,<br>ਕੰਬੋਆਂ ਵਾਲੀ ਗਲੀ, ਅੰਮ੍ਰਿਤਸਰ-143001 | 0183 | 2520563<br>98142-02563 |
| 6. | ਡੇਰਾ ਮਹੰਤ ਹਰਦਿੱਤ ਸਿੰਘ ਜੀ,<br>ਕਟੜਾ ਮੋਹਰ ਸਿੰਘ, ਅੰਮ੍ਰਿਤਸਰ-143001 | | |
| 7. | ਸ਼੍ਰੀਮਾਨ ਮਹੰਤ ਪ੍ਰਿਤਪਾਲ ਸਿੰਘ ਜੀ 'ਸੇਵਾ ਪੰਥੀ<br>ਡੇਰਾ ਹਰੀ ਭਗਤਪੁਰਾ, ਮਿਠਾ ਟਿਵਾਣਾ,<br>ਮਾਡਲ ਟਾਊਨ, ਹੁਸ਼ਿਆਰਪੁਰ-146001 | 01882 | 221547<br>222521<br>230462<br>98140-66012 |
| 8. | ਸ਼੍ਰੀਮਾਨ ਮਹੰਤ ਦਿਲਬਾਗ ਸਿੰਘ ਜੀ 'ਸੇਵਾ ਪੰਥੀ'<br>ਡੇਰਾ ਭਾਈ ਸਹਾਈ ਸਿੰਘ ਜੀ,<br>ਪਿੰਡ ਤੇ ਡਾਕ : ਸਲੇਮਪੁਰ,<br>ਵਾਇਆ :ਪੁਰ-ਹੀਰਾ, ਹੁਸ਼ਿਆਰਪੁਰ-146001 | 01887 | 232349<br>98152-33522 |
| 9. | ਗੁਰਦੁਆਰਾ ਭਾਈ ਜਗਤਾ ਜੀ ਫੇਰੂਮਾਨ ਚੌਕ,<br>ਮੁਹੱਲਾ ਹਰਨਾਮਪੁਰਾ-ਕੋਟਕਪੂਰਾ (ਸੰਤ ਪੂਰਨ ਸਿੰਘ) | 01635 | 226644<br>94171-05266 |

| ਲੜੀ ਨੰ: | ਮੁਖੀ ਸੇਵਾਦਾਰ ਸੰਤ-ਮਹੰਤ ਤੇ ਪਾਵਨ ਅਸਥਾਨ | ਕੋਡ ਨੰ: | ਫੋਨ ਨੰ: |
|---|---|---|---|
| 10. | ਸ਼੍ਰੀਮਾਨ ਮਹੰਤ ਸੁੰਦਰ ਸਿੰਘ ਜੀ 'ਸੇਵਾ ਪੰਥੀ' ਟਿਕਾਣਾ ਭਾਈ ਰਾਮ ਕਿਸ਼ਨ ਜੀ , ਸ਼ੇਰਾਂਵਾਲਾ ਗੇਟ, ਪਟਿਆਲਾ-147001 | 0175 | 2216959<br>098720-95930 |
| 11. | ਸ਼੍ਰੀਮਾਨ ਮਹੰਤ ਦਿਲਬਾਗ ਸਿੰਘ ਜੀ 'ਸੇਵਾ ਪੰਥੀ' ਸੇਵਾ ਸਥਾਨ ਭਾਈ ਘਨੱਈਆ ਜੀ, ਸਾਹਮਣੇ ਰੇਲਵੇ ਸਟੇਸ਼ਨ, ਸ੍ਰੀ ਆਨੰਦਪੁਰ ਸਾਹਿਬ ਮਲਕੀਅਤ : ਸੇਵਾ ਪੰਥੀ ਅੱਡਣ ਸ਼ਾਹੀ ਸਭਾ (ਰਜਿ:), ਅੰਮ੍ਰਿਤਸਰ । | 01887 | 232349<br>98152-33522 |
| 12. | ਮਹੰਤ ਜਗਮੋਹਨ ਸਿੰਘ ਜੀ 'ਸੇਵਾ ਪੰਥੀ' ਡੇਰਾ ਸੰਤਪੁਰਾ ਯਮੁਨਾ ਨਗਰ ਸੰਤ ਨਿਸਚਲ ਸਿੰਘ ਟ੍ਰਸਟ, ਯਮੁਨਾ ਨਗਰ ਪ੍ਰਧਾਨ: ਸ਼੍ਰੀਮਾਨ ਮਹੰਤ ਤੀਰਥ ਸਿੰਘ ਜੀ 'ਸੇਵਾ ਪੰਥੀ' | 01732 | 227313<br>370897<br>098120-27313<br>094162-01313 |
| 13. | ਮਹੰਤ ਕਰਮਜੀਤ ਸਿੰਘ ਜੀ 'ਸੇਵਾ ਪੰਥੀ' ਡੇਰਾ ਸੰਤ ਨਿਸਚਲ ਸਿੰਘ ਜੌੜੀਆਂ, ਯਮੁਨਾਨਗਰ, (ਹਰਿਆਣਾ) । | 01732 | 297013<br>093155-13113<br>93553-27487 |
| 14. | ਸ਼੍ਰੀਮਾਨ ਮਹੰਤ ਹਰਬੰਸ ਸਿੰਘ ਜੀ 'ਸੇਵਾ ਪੰਥੀ' ਸੰਤ ਅੰਮ੍ਰਿਤਪਾਲ ਸਿੰਘ ਜੀ 'ਸੇਵਾ ਪੰਥੀ' ਟਿਕਾਣਾ ਭਾਈ ਆਇਆ ਰਾਮ ਜੀ, 27/41, ਪੰਜਾਬੀ ਬਾਗ, ਦਿੱਲੀ-26 | 011 | 25227271<br>25224590<br>098106-73404 |
| 15. | ਸ਼੍ਰੀਮਾਨ ਮਹੰਤ ਹਰੀਸ਼ ਸ਼ਾਸਤਰੀ ਜੀ 'ਸੇਵਾ ਪੰਥੀ' ਸੇਵੀ ਪੰਥੀ ਆਸ਼ਰਮ, ਸੰਤਪੁਰਾ, ਸ਼ਾਸਤਰੀ ਮਾਰਕੀਟ, ਕੈਥਲ, ਹਰਿਆਣਾ:-136027 | 01746 | 223890 |
| 16. | ਸ਼੍ਰੀਮਾਨ ਮਹੰਤ ਪਰਮਜੀਤ ਸਿੰਘ ਜੀ 'ਸੇਵਾ ਪੰਥੀ' ਟਿਕਾਣਾ ਭਾਈ ਮੂਲਾ ਸਾਹਿਬ ਜੀ, ਭਿਵਾਨੀ ਰੋਡ, ਰੋਹਤਕ-ਹਰਿਆਣਾ | 01262 | 231555<br>94160-50555 |
| 17. | ਸ਼੍ਰੀਮਾਨ ਮਹੰਤ ਸੁਰਜੀਤ ਸਿੰਘ ਜੀ 'ਸੇਵਾ ਪੰਥੀ' ਸੇਵਾ ਪੰਥੀ ਆਸ਼ਰਮ, **R.L.275,** ਮਾਡਲ ਟਾਊਨ, ਰਿਵਾੜੀ, ਹਰਿਆਣਾ । | 01274 | 222712<br>253652<br>98150-22712 |
| 18. | ਸ਼੍ਰੀਮਾਨ ਮਹੰਤ ਹਰਨਾਮ ਸਿੰਘ ਜੀ 'ਸੇਵਾ ਪੰਥੀ' ਟਿਕਾਣਾ ਭਾਈ ਭੱਲਾ ਰਾਮ ਜੀ, ਕਲਾਨੌਰ, ਜ਼ਿਲ੍ਹਾ ਰੋਹਤਕ-ਹਰਿਆਣਾ-124113 | 01258 | 222550 |

| ਲੜੀ ਨੰ: | ਮੁਖੀ ਸੇਵਾਦਾਰ ਸੰਤ-ਮਹੰਤ ਤੇ ਪਾਵਨ ਅਸਥਾਨ | ਕੋਡ ਨੰ: | ਫੋਨ ਨੰ: |
|---|---|---|---|
| 19. | ਸ਼੍ਰੀਮਾਨ ਮਹੰਤ ਮਹਿੰਦਰ ਸਿੰਘ ਜੀ 'ਸੇਵਾ ਪੰਥੀ'<br>ਗੁਰਦੁਆਰਾ ਡੇਰਾ ਮੋਹਨਪੁਰਾ, ਆਰਾਕਸ਼ਾਂ ਰੋਡ,<br>ਪਹਾੜਗੰਜ, ਨਵੀਂ ਦਿੱਲੀ-110055 | 011 | 23522905<br>093110-73481 |
| 20. | ਪ੍ਰਤਾਪ ਭਵਨ, ਨਜ਼ਦੀਕ ਭੀਮ ਗੋਡਾ,<br>ਖੜਖੜੀ ਮੁਹੱਲਾ, ਹਰਿਦੁਆਰ-249401<br>ਪ੍ਰਬੰਧਕ:- ਸ਼੍ਰੀਮਾਨ ਮਹੰਤ ਪਰਮਜੀਤ ਸਿੰਘ ਜੀ<br>'ਸੇਵਾ ਪੰਥੀ', ਅੰਮ੍ਰਿਤਸਰ-143001 | 0133 | 2460154<br>2424154<br>094160-50555 |
| 21. | ਸੇਵਾ ਪੰਥੀ ਆਸ਼ਰਮ, ਕ੍ਰਿਸ਼ਨ ਮੰਦਰ, ਰਿਸ਼ੀਕੇਸ਼<br>ਰੋਡ, ਭੂਪਤਵਾਲਾ, ਹਰਿਦੁਆਰ-249401<br>ਮਲਕੀਅਤ ਅਤੇ ਪ੍ਰਬੰਧਕ : 'ਸੇਵਾ ਪੰਥੀ'<br>ਅੱਡਣ ਸ਼ਾਹੀ ਸਭਾ (ਰਜਿ:) ਅੰਮ੍ਰਿਤਸਰ । | | |
| 22. | ਡੇਰਾ ਮਹੰਤ ਤਾਰਾ ਸਿੰਘ ਜੀ 'ਸੇਵਾ ਪੰਥੀ'<br>ਚੌਂਕ ਚਿੜਾ, ਕਟੜਾ ਕਰਮ ਸਿੰਘ, ਅੰਮ੍ਰਿਤਸਰ,<br>ਪ੍ਰਬੰਧਕ: ਸ਼੍ਰੀਮਾਨ ਸੰਤ ਚਮਕੌਰ ਸਿੰਘ ਜੀ'ਸੇਵਾ ਪੰਥੀ'<br>(ਅੰਮ੍ਰਿਤਸਰ) | 0183 | 2520381<br>94176-59532<br>98146-22428 |
| 23. | ਡੇਰਾ ਸੰਤਪੁਰਾ ਛੋਟੀ ਬਜ਼ਰੀਆਂ,<br>ਗਾਜ਼ੀਆਬਾਦ-201001<br>ਪ੍ਰਬੰਧਕ : ਸ਼੍ਰੀਮਾਨ ਮਹੰਤ ਬਲਵੰਤ ਸਿੰਘ ਜੀ 'ਸੇਵਾ ਪੰਥੀ' | | |
| 24. | ਡੇਰਾ ਬਾਬਾ ਸ਼ਾਮ ਸਿੰਘ ਜੀ 'ਸੇਵਾ ਪੰਥੀ'<br>ਆਟਾ ਮੰਡੀ, ਅੰਮ੍ਰਿਤਸਰ- 143001<br>ਪ੍ਰਬੰਧਕ: ਸ਼੍ਰੀਮਾਨ ਸੰਤ ਬਾਬਾ ਦਰਸ਼ਨ ਸਿੰਘ ਜੀ<br>'ਸੇਵਾ ਪੰਥੀ' | | |
| 25. | ਗੁ: ਭਾਈ ਜਗਤਾ ਜੀ ਸਾਹਿਬ<br>(ਯਾਦਗਾਰ ਭਾਈ ਮੋਤੀ ਰਾਮ ਸਿੰਘ),<br>ਨਵੀਨ ਨਗਰ, ਦਿੱਲੀ ਰੋਡ, ਸਹਾਰਨਪੁਰ ।<br>(ਸੰਤ ਕਾਹਨ ਸਿੰਘ ਸੇਵਾ ਪੰਥੀ) | 0132 | 2730875<br>98140-04503<br>93578-02828 |
| 26. | ਧਰਮਸਾਲਾ ਭਾਈ ਕਿਸ਼ਨ ਦਾਸ ਜੀ<br>ਗੋਕਲ ਗੇਟ, ਰਿਵਾੜੀ-ਹਰਿਆਣਾ<br>ਪ੍ਰਬੰਧਕ: ਸ਼੍ਰੀਮਾਨ ਮਹੰਤ ਸੁਰਜੀਤ ਸਿੰਘ ਜੀ<br>'ਸੇਵਾ ਪੰਥੀ' | | 98150-22712 |
| 27. | ਸ਼੍ਰੀਮਾਨ ਮਹੰਤ ਮਦਨ ਲਾਲ ਜੀ 'ਸੇਵਾ ਪੰਥੀ'<br>ਗੁਰਦੁਆਰਾ ਧੰਨਾ ਜੀ, ਸੁਭਾਸ਼ ਗੇਟ,<br>ਸਦਰ ਬਜ਼ਾਰ, ਕਰਨਾਲ, ਹਰਿਆਣਾ -132001 | | |
| 28. | ਸ਼੍ਰੀਮਾਨ ਮਹੰਤ ਰਾਮ ਪ੍ਰਕਾਸ਼ ਜੀ 'ਸੇਵਾ ਪੰਥੀ'<br>ਕਲੰਦਰੀ ਗੇਟ, ਰਾਮ ਗਲੀ , ਕਰਨਾਲ-ਹਰਿਆਣਾ | | |

| ਫੋਨ ਨੰ: |
|---|
| 23522905 |
| 93110-73481 |
| 2460154 |
| 2424154 |
| 94160-50555 |
| 2520381 |
| 4176-59532 |
| 8146-22428 |
| 2730875 |
| 8140-04503 |
| 3578-02828 |
| 8150-22712 |

| ਲੜੀ ਨੰ: | ਮੁਖੀ ਸੇਵਾਦਾਰ ਸੰਤ-ਮਹੰਤ ਤੇ ਪਾਵਨ ਅਸਥਾਨ | ਕੋਡ ਨੰ: | ਫੋਨ ਨੰ: |
|---|---|---|---|
| 29. | ਸ਼੍ਰੀਮਾਨ ਸੰਤ ਸਤਿਨਾਮ ਸਿੰਘ ਜੀ 'ਸੇਵਾ ਪੰਥੀ'<br>ਡੇਰਾ ਧਰਮਸ਼ਾਲਾ, ਮਹੰਤ ਬਾਬਾ ਜਵਾਹਰ ਸਿੰਘ ਜੀ<br>ਮੁਹੱਲਾ ਗੁਰੂਸਰ ਊਨਾ ਸਾਹਿਬ-174303 | | |
| 30. | ਗੁਰਦੁਆਰਾ ਭਾਈ ਜਗਤਾ ਜੀ ਸਾਹਿਬ<br>ਜੀ.ਟੀ.ਰੋਡ, ਮਲੋਟ, ਜਿਲ੍ਹਾ ਮੁਕਤਸਰ ।<br>ਮੁੱਖ ਸੇਵਾਦਾਰ : ਭਾਈ ਧਰਮ ਸਿੰਘ ਜੀ | 01637 | 260535<br>98159-69535 |
| 31. | ਗੁਰਦੁਆਰਾ ਭਾਈ ਜਗਤਾ ਜੀ ਸਾਹਿਬ,<br>ਬਸਤੀ ਹਿੰਮਤਪੁਰਾ, ਜੈਤੋ-ਜਿਲ੍ਹਾ ਫਰੀਦਕੋਟ । | 01635 | 232389 |
| 32. | ਗੁਰਦੁਆਰਾ ਭਾਈ ਜਗਤਾ ਜੀ ਸਾਹਿਬ,<br>ਯਾਦਗਾਰ ਬਾਬਾ ਬਚਨ ਸਿੰਘ ਜੋੜਾ ਤੁੰਗਵਾਲੀ,<br>ਬਠਿੰਡਾ । | | |
| 33. | ਗੁਰਦੁਆਰਾ ਭਾਈ ਜਗਤਾ ਜੀ ਸਾਹਿਬ,<br>ਬਸਤੀ ਧਰਮਪੁਰਾ, ਬੁੱਢਲਾਡਾ-151502 | | |
| 34. | ਗੁਰਦੁਆਰਾ ਸੰਤ ਭਾਈ ਸੁਹੇਲ ਸਿੰਘ ਜੀ,<br>ਨਵੀਂ ਬਸਤੀ, ਗੋਨਿਆਣਾ ਮੰਡੀ-151201 | 0164 | 2262612 |
| 35. | ਗੁਰਦੁਆਰਾ ਭਾਈ ਘਨੱਈਆ ਨਗਰ,<br>ਰੇਲਵੇ ਫਾਟਕ, ਗੋਨਿਆਣਾ ਮੰਡੀ-151201 | | |
| 36. | ਡੇਰਾ ਭਾਈ ਮਹਾਂ ਸਿੰਘ 'ਸੇਵਾ ਪੰਥੀ'<br>ਪਿੰਡ : ਗੜ੍ਹਾ, ਜਿਲ੍ਹਾ : ਜਲੰਧਰ ।<br>ਪ੍ਰਬੰਧਕ : ਸ਼੍ਰੀਮਾਨ ਮਹੰਤ ਸੁਰਜੀਤ ਸਿੰਘ ਜੀ<br>'ਸੇਵਾ ਪੰਥੀ' | 0183 | 2482064 |
| 37. | ਡੇਰਾ ਮਹੰਤ ਲੱਖੂ ਰਾਮ ਜੀ<br>ਤਹਿਸੀਲ ਬਜ਼ਾਰ, ਤਰਨ ਤਾਰਨ, ਜ਼ਿਲ੍ਹਾ<br>ਅੰਮ੍ਰਿਤਸਰ ।<br>ਮਲਕੀਅਤ ਅਤੇ ਪ੍ਰਬੰਧਕ : 'ਸੇਵਾ ਪੰਥੀ'<br>ਅੱਡਣ ਸ਼ਾਹੀ ਸਭਾ (ਰਜਿ:) ਅੰਮ੍ਰਿਤਸਰ । | 01852 | 222494 |
| 38. | ਆਸ਼ਰਮ ਹਰਦਰਸ਼ਨ ਦੁਆਰ,<br>ਖੜਖੜੀ ਮੁਹੱਲਾ, ਪ੍ਰਾਈਵੇਟ ਗਲੀ, ਹਰਿਦੁਆਰ ਪ੍ਰਬੰਧਕ<br>: ਸ਼੍ਰੀਮਾਨ ਮਹੰਤ ਹਰਬੰਸ ਸਿੰਘ ਜੀ 'ਸੇਵਾ ਪੰਥੀ' | 0133 | 2424154 |
| 39. | ਗੁਰਦੁਆਰਾ ਸੰਤ ਨਰੈਣ ਸਿੰਘ ਜੀ 'ਸੇਵਾ ਪੰਥੀ'<br>ਵਾਰਡ ਨੰ: 7, ਪਾਣੀਪਤ-ਹਰਿਆਣਾ)<br>ਪ੍ਰਬੰਧਕ : ਭਾਈ ਜਸਵੰਤ ਸਿੰਘ ਜੀ | 01742 | 2643436 |
| 40. | ਗੁਰਦੁਆਰਾ ਭਾਈ ਜਗਤਾ ਜੀ<br>ਨੇੜੇ ਟਰੱਕ ਯੂਨੀਅਨ, ਬਠਿੰਡਾ<br>ਪ੍ਰਬੰਧਕ : ਮਹੰਤ ਤੀਰਥ ਸਿੰਘ 'ਸੇਵਾ ਪੰਥੀ' | 0164 | 2221141 |
| 41. | ਗੁਰਦੁਆਰਾ ਭਾਈ ਜਗਤਾ ਜੀ ਹਾਂਸੀ (ਹਰਿਆਣਾ)<br>ਪ੍ਰਬੰਧਕ : ਮਹੰਤ ਤੀਰਥ ਸਿੰਘ ਸੇਵਾ ਪੰਥੀ | | |

# ਦਫ਼ਤਰ ਵਰ - ਘਰ

ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)
ਮੁੱਖ ਸਰਪ੍ਰਸਤ : ਮਹੰਤ ਤੀਰਥ ਸਿੰਘ 'ਸੇਵਾ ਪੰਥੀ'
ਦਫ਼ਤਰ ਇੰਚਾਰਜ : ਬੀਬੀ ਸਿਲਵੰਤ ਕੌਰ
ਸੰਪਰਕ ਫ਼ੋਨ : 0164-2262051 (ਸਵੇਰੇ 9 ਤੋਂ ਸ਼ਾਮ 4 ਵਜੇ ਤੱਕ), Fax. : 2262657

ਜਿਨ੍ਹਾਂ ਨੇ ਦਫ਼ਤਰ ਵਰ-ਘਰ ਵਿੱਚ ਫ਼ਾਰਮ ਭਰੇ ਹੋਏ ਹਨ ਉਹ ਚਿੱਠੀ-ਪੱਤਰ ਕਰਨ ਸਮੇਂ ਬਾਕਸ ਨੰਬਰ ਤੇ ਲੜਕੇ / ਲੜਕੀ ਦੀ ਕਾਰਡ ਸਾਈਜ਼ ਫ਼ੋਟੋ ਰਜਿਸਟਰਡ ਪੱਤਰ ਰਾਹੀ-ਜ਼ਰੂਰ ਭੇਜਣ ਦੀ ਕਿਰਪਾ ਕਰਨ। ਜੇਕਰ ਆਪ ਜੀ ਦੇ ਲੜਕੇ / ਲੜਕੀ ਦਾ ਰਿਸ਼ਤਾ ਹੋ ਜਾਂਦਾ ਹੈ ਤਾਂ ਦਫ਼ਤਰ ਵਰ-ਘਰ ਨੂੰ ਸੂਚਿਤ ਕਰਨ ਦੀ ਕਿਰਪਾਲਤਾ ਕਰਨੀ।

## ਵਰ ਦੀ ਲੋੜ

1. ਅਰੋੜਾ ਸਿੱਖ ਘੁਲਿਆਣੀ +2, 24 ਸਾਲ, 5'4" ਲੜਕੀ ਲਈ ਯੋਗ ਵਰ ਦੀ ਲੋੜ ਹੈ। (Old Box No. 1317)
2. ਸਵਰਨਕਾਰ ਸਦਿਉੜ +2, 25 ਸਾਲ 5'4" ਲੜਕੀ ਲਈ ਯੋਗ ਵਰ ਦੀ ਲੋੜ ਹੈ। (Box No. 1319)
3. ਖੱਤਰੀ ਸਿੱਖ B.A.Diploma in Stenography, 29 ਸਾਲ, 5'4" ਲੜਕੀ ਲਈ ਯੋਗ ਵਰ ਦੀ ਲੋੜ ਹੈ। (Box No. 1320)
4. ਖੱਤਰੀ ਸਿੱਖ ਚੱਡਾ +2, 25 ਸਾਲ, 5'3" ਲੜਕੀ ਲਈ ਯੋਗ ਵਰ ਦੀ ਲੋੜ ਹੈ। (Box No. 1321)


## ਕੰਨਿਆ ਦੀ ਲੋੜ

1. ਅਰੋੜਾ ਸਿੱਖ ਕਾਲੜਾ MSC (Geo), 23 ਸਾਲ, 5'6" ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ। (Old Box No. 3229)
2. ਅਰੋੜਾ ਸਿੱਖ ਅਰਨੇਜਾ B.A, 32 ਸਾਲ, 5'11" ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ। (Box No. 3234)
3. ਅਰੋੜਾ ਸਿੱਖ ਬੇਦੀ Doing MBA, 26 ਸਾਲ, 5'8" ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ। (Box No. 3235)
4. ਅਰੋੜਾ ਸਿੱਖ ਕਾਲੜਾ B.Com 24 ਸਾਲ, 6'2" ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ। (Box No. 3226)

ਪ੍ਰਿੰਟਰ ਪਬਲਿਸ਼ਰ ਤੇ ਮਾਲਕ ਸ਼੍ਰੀਮਾਨ 108 ਸੰਤ ਬਾਬਾ ਤੀਰਥ ਸਿੰਘ ਜੀ ਨੇ ਸੁਭਾਸ਼ ਮਿੱਤਲ ਪ੍ਰਿੰਟਿੰਗ ਪ੍ਰੈਸ ਬਠਿੰਡਾ ਤੋਂ ਛਪਵਾ ਕੇ 'ਭਾਈ ਘਨੱਈਆ ਸੇਵਾ ਸੁਸਾਇਟੀ' (ਰਜਿ:) ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ) ਤੋਂ ਮਿਤੀ 1 ਸਤੰਬਰ 2007 ਨੂੰ ਜਾਰੀ ਕੀਤਾ।

Bhai Kanhaiya Sewa Joti (Monthly) R.N.I. Regd. No. 046716/84
Postal Regd. No. PB/BTI-1002/2006-2008, Dt. 3-12-2005


## ਭਾਈ ਘਨੱਈਆ ਜੀ ਦੀਆਂ ਸਚਿੱਤਰ ਜੀਵਨ ਝਲਕੀਆਂ



ਭਾਈ ਘਨੱਈਆ ਜੀ ਨੇ ਪਿੰਡ ਕਵ੍ਹੇ (ਪਾਕਿਸਤਾਨ) ਵਿਖੇ ਸਤਿਸੰਗ ਕਰਨ,
ਰਾਹੀਆਂ, ਪਾਂਧੀਆਂ ਦੀ ਸੇਵਾ ਲਈ ਧਰਮਸ਼ਾਲਾ ਕਾਇਮ ਕੀਤੀ।




ਭਾਈ ਘਨੱਈਆ ਜੀ ਜੰਗਾਂ, ਯੁੱਧਾਂ ਵਿੱਚ ਵੈਰੀ-ਮਿੱਤਰ ਨੂੰ
ਇੱਕ ਸਮਾਨ ਜਲ ਛਕਾਉਂਦੇ ਹੋਏ।



ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਘਨੱਈਆ ਜੀ ਦੀ ਨਿਸ਼ਕਾਮ ਤੇ ਅਦੁੱਤੀ ਸੇਵਾ ਤੋਂ
ਖੁਸ਼ ਹੋ ਕੇ ਮਰ੍ਹਮ ਦੀ ਡੱਬੀ ਬਖ਼ਸ਼ਿਸ਼ ਕੀਤੀ ਤੇ ਵਰਦਾਨ ਦਿੱਤਾ 'ਇਹੁ ਭੀ ਅਪਨੋ ਪੰਥ ਪ੍ਰਕਾਸ਼ੈ'

Bhai Kanhaiya Sewa Joti (Monthly) R.N.I. Regd. No. 046716/84
Postal Regd.No.PB/BTI-1002/2006-2008 Dt. 30-12-2005




Designed by : Nindi, Amarjit